ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਕੈਨੇਡਾ ਵਾਸੀਆਂ ਨੂੰ ਦੀਵਾਲੀ ਦੀਆਂ ਲੱਖ-ਲੱਖ ਮੁਬਾਰਕਾਂ ਅਦਾਰਾ ਇਹ ਕਾਮਨਾ ਕਰਦਾ ਹੈ ਕਿ ਆਉਣ ਵਾਲਾ ਸਮਾਂ ਸਭ ਲਈ ਖ਼ੁਸ਼ੀਆਂ ਤੇ ਤਰੱਕੀਆਂ ਲੈਕੇ ਆਵੇ।


ਕੈਨੇਡੀਅਨ

# ਪੰਜਾਬੀ ਪੋਸਟ

*Award winning news paper* | Canadian Punjabi Post

Vol 18 *Issue 205

Daily Newspaper Friday, October 25, 2019

Tel: 905.793.2202 | Fax: 905.793.2282 | news@punjabipost.ca






ਸਮੂਹ ਲੋਕਾਈ ਨੂੰ ਦੀਵਾਲੀ ਦੀਆਂ ਬਹੁਤ ਬਹੁਤ ਵਧਾਈਆਂ




MP Ruby Sahota wishes
you and your family
Happy Diwali
CONSTITUENCY OFFICE
50 Sunny Meadow Blvd, Suite 306, Brampton, ON
(905-840-0505 | Ruby.Sahota@parl.gc.ca
@rubysahotalib
@rubysahotalib
@rubysahotalib


AUJLA
NOTARY PUBLIC
LAW OFFICE
Barrister, Solicitor & Notary Public
ਅਸੀਂ ਹਰ ਕਾਨੂੰਨੀ ਸੱਮਸਿਆ ਨੂੰ ਹਲ ਕਰਨ ਵਿੱਚ ਮਦਦ ਕਰਦੇ ਹਾਂ
ਸਮੁੱਚੇ ਭਾਈਚਾਰੇ ਨੂੰ ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਲੱਖ ਲੱਖ ਵਧਾਈਆਂ
Harsimrat Aujla
905-564-0040
7045 Edward Blvd,. Unit # 305, Mississauga ON L5S 1X2




PATAKA FACTORY

416-831-5252

www.patakafactory.com

AMAZING FIREWORKS WHOLESALE PRICES!

15+ LOCATIONS TO SERVE YOU BETTER!

| 1 | 2 | 3 | 4 | 5 |
|---|---|---|---|---|
| Main Location 1753 Albion Rd Unit 9, Toronto M9V1C3 | 4525 Ebnezer Rd Brampton L6P2P7 Unit 25 | 8917 The Gore Rd, Brampton L6P0B7 Unit #8 | 2260 Bovaird Dr E Unit 107 Brampton L6R1Z1 | 1098 Peter Roberston Brampton L6R1G6 Unit 7 |
| 6 | 7 | 8 | 9 | 10 |
| 801 Bovaird Dr W Brampton L6X0T9 | 80 Pertosa Dr Brampton L6X5E9 Unit 12 | 114 Kennedy Rd South, Brampton L6W3E7 | 7166 Airport Rd, Mississauga, ON L4T 2H2 | 680 Rexdale Blvd, Etobicoke, ON M9W 0B5 |

GILLZ
Sweet Factory

ਦੀਵਾਲੀ ਦੀਆਂ ਆਪ ਸਭ ਨੂੰ ਬਹੁਤ ਬਹੁਤ ਮੁਬਾਰਕਾਂ ਜੀ।

Happy Diwali




ਮੇਲਾ ਮਿਠਾਈਆਂ ਦਾ
ਬੁੱਧਵਾਰ 23 ਅਕਤੂਬਰ ਤੋਂ ਐਤਵਾਰ 27 ਨਵੰਬਰ ਤਕ

- ਤੁਸੀਂ ਹੋਲ ਸੇਲ ਰੇਟ ਤੇ ਤਾਜ਼ੀਆਂ ਮਿਠਾਈਆਂ ਲੈ ਸਕਦੇ ਹੋ
- ਕਿਸੇ ਵੀ ਖੁਸ਼ੀ ਦੇ ਮੌਕੇ ਲਈ ਆਰਡਰ ਤੇ ਭਾਜੀ ਤੇ ਮਿਠਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਕਿਸੇ ਵੀ ਧਾਰਮਿਕ ਸਮਾਗਮ ਲਈ ਪੂਰੀ ਸ਼ੁੱਧਤਾ ਨਾਲ ਭੋਜਨ ਤਿਆਰ ਕੀਤਾ ਜਾਂਦਾ ਹੈ
- ਤੁਸੀਂ ਤਾਜ਼ੇ ਸਮੋਸੇ ਵੀ ਲੈ ਸਕਦੇ ਹੋ



Purely Vegetarian




2131 Williams Pkwy,
Unit #3-6,
Brampton L6S 5Z4

Tel : 905 799 2616
www.gillzsweetfactory.com
info@gillzsweetfactory.com

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਦੀਵਾਲੀ ਦਾ ਰਿਵਾਇਤੀ ਤੇ ਅਜੋਕਾ ਰੂਪ

-ਸਵਰਨ ਸਿੰਘ ਭੰਗੂ

ਦੀਵਾਲੀ ਸਾਡੇ ਦੇਸ਼ ਦਾ ਵੱਡਾ ਤਿਉਹਾਰ ਹੈ, ਜਿਸ ਦੀਆਂ ਤਿਆਰੀਆਂ ਢੇਰ ਚਿਰ ਪਹਿਲਾਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਹਫਤਾ ਪਹਿਲਾਂ ਬਾਜ਼ਾਰ ਆਪਣੇ ਗਾਹਕਾਂ ਲਈ ਸਜ-ਧਜ ਜਾਂਦੇ ਹਨ। ਸ਼ਿੱਦਤ ਨਾਲ ਉਡੀਕਦੀਆਂ ਧਿਰਾਂ ਦੇ ਤੌਰ ਉੱਤੇ ਚਾਅ ਦੇ ਪੱਧਰ 'ਤੇ ਬਾਲ ਜਗਤ ਵਿੱਚ ਅਤੇ ਸੁਆਰਥ ਦੇ ਪੱਧਰ 'ਤੇ ਵਪਾਰੀ ਵਰਗ ਵਿੱਚ ਇਹ ਤਿਉਹਾਰ ਧੂਹ ਪਾਉਂਦਾ ਹੈ। ਆਪੋ-ਆਪਣੀ ਆਸਥਾ ਅਤੇ ਪਹੁੰਚ ਦੇ ਪੱਧਰ 'ਤੇ ਦੇਸ਼ ਦਾ ਵੱਡਾ ਜਨ-ਸਮੂਹ ਇਸ ਤਿਉਹਾਰ 'ਚ ਸ਼ਾਮਲ ਹੁੰਦਾ ਹੈ। ਹਿੰਦੂ, ਸਿੱਖ ਅਤੇ ਜੈਨ ਧਰਮ ਦੇ ਭਾਈਚਾਰੇ ਆਪੋ-ਆਪਣੀ ਧਾਰਮਿਕ ਆਸਥਾ ਅਨੁਸਾਰ ਇਸ ਤਿਉਹਾਰ ਨੂੰ ਸਦੀਆਂ ਤੋਂ ਮਨਾਉਂਦੇ ਆ ਰਹੇ ਹਨ। ਰਾਮਾਇਣ ਅਨੁਸਾਰ 14 ਵਰ੍ਹਿਆਂ ਦਾ ਬਨਵਾਸ ਕੱਟ ਕੇ ਇਸ ਦਿਨ ਸੀਤਾ ਮਾਤਾ ਸਮੇਤ ਭਗਵਾਨ ਸ਼੍ਰੀ ਰਾਮ ਚੰਦਰ ਅਤੇ ਲਛਮਣ ਜੀ ਅਯੁੱਧਿਆ ਪਰਤੇ ਸਨ। ਸਿੱਖ ਜਗਤ ਇਸ ਤਿਉਹਾਰ ਨੂੰ ਬੰਦੀ-ਛੋੜ ਦਿਵਸ ਦੇ ਤੌਰ 'ਤੇ ਮਨਾਉਂਦਾ ਹੈ। ਸਿੱਖ ਇਤਿਹਾਸ ਅਨੁਸਾਰ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਇਸ ਦਿਨ ਹਿੰਦੂ ਰਾਜਿਆਂ ਸਮੇਤ ਮੁਗਲ ਬਾਦਸ਼ਾਹ ਜਹਾਂਗੀਰ ਦੀ ਕੈਦ ਵਿੱਚੋਂ ਰਿਹਾਅ ਹੋਏ ਸਨ, ਜਦੋਂ ਕਿ ਜੈਨ ਧਰਮ ਦੇ ਲੋਕਾਂ ਦੀ ਆਸਥਾ ਇਸ ਧਰਮ ਦੇ ਗੁਰੂ ਮਹਾਂਵੀਰ ਸਵਾਮੀ ਦੇ ਨਿਰਵਾਣ ਦਿਵਸ ਨਾਲ ਜੁੜਦੀ ਹੈ।

ਦੀਪਾਂ ਦੇ ਤਿਉਹਾਰ ਦੇ ਤੌਰ 'ਤੇ ਜਾਣੇ ਜਾਂਦੇ ਇਸ ਤਿਉਹਾਰ ਨੂੰ ਹਨੇਰੇ 'ਤੇ ਪ੍ਰਕਾਸ਼ ਦੀ, ਅਗਿਆਨਤਾ 'ਤੇ ਗਿਆਨ ਦੀ, ਬੇ-ਉਮੀਦੀ 'ਤੇ ਉਮੀਦ ਦੀ ਅਤੇ ਬੁਰਾਈ 'ਤੇ ਚੰਗਿਆਈ ਦੀ ਜਿੱਤ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਆਸਥਾ ਇਹ ਵੀ ਹੈ ਕਿ ਇਸ ਦਿਨ ਧਨ ਦੀ ਦੇਵੀ ਲਕਸ਼ਮੀ ਬੜੀ ਦਿਆਲੂ ਹੁੰਦੀ ਹੈ, ਜਿਸ ਕਾਰਨ ਤੋਟਾਂ ਮਾਰੇ ਵੀ ਇਸ ਦੇਵੀ ਦੀ ਪੂਜਾ ਕਰਦੇ ਹਨ ਕਿ ਉਨ੍ਹਾਂ ਦੀਆਂ ਲੋੜਾਂ ਦੀ ਪੂਰਤੀ ਲਈ ਦੇਵੀ ਦਿਆਲ ਹੋਵੇ, ਜਦੋਂ ਕਿ ਧਨ-ਕੁਬੇਰ ਆਪਣੇ ਧਨ ਵਿੱਚ ਹੋਰ ਵਾਧਾ ਕਰਨ ਲਈ ਇਸ ਦੇਵੀ ਦੀ ਅਡੰਬਰੀ ਪੂਜਾ ਕਰਦੇ ਹਨ। ਵੱਡੇ ਪੱਧਰ 'ਤੇ ਹੁਣ ਤੇਲ ਦੇ ਦੀਪਾਂ ਦੀ ਥਾਂ ਬਿਜਲਈ ਲੜੀਆਂ ਨੇ ਲੈ ਲਈ ਹੈ, ਪਰ ਇਸ ਤੋਂ ਪਹਿਲਾਂ ਲੋਕ ਆਪਣੀ ਖ਼ਿਆਲੀ ਦੇਵੀ ਨੂੰ 'ਜੀ ਆਇਆਂ ਨੂੰ' ਕਹਿਣ ਲਈ ਆਪੋ-ਆਪਣੇ ਘਰਾਂ ਦੇ ਦਰਵਾਜ਼ਿਆਂ 'ਤੇ ਵੱਡੇ ਬਰਤਨਾਂ ਵਿੱਚ ਤੇਲ-ਭਿੱਜੇ ਵੜੇਵਿਆਂ ਨੂੰ ਜਲਾ ਕੇ ਤੇਜ਼ ਰੋਸ਼ਨੀ ਕਰਿਆ ਕਰਦੇ ਸਨ, ਤਾਂ ਕਿ ਦਿਆਲੂ ਦੇਵੀ ਨੂੰ ਮੁੜਨ ਦਾ ਬਹਾਨਾ ਨਾ ਮਿਲ ਸਕੇ। ਉਹ ਇਸ ਦੇਵੀ ਦੀ ਆਮਦ ਲਈ ਸਾਰੀ ਰਾਤ ਘਰ ਦੇ ਦਰਵਾਜ਼ੇ ਅਤੇ ਖਿੜਕੀਆਂ ਵੀ ਖੁੱਲ੍ਹੀਆਂ ਰੱਖਦੇ ਸਨ।

ਇਸ ਤਿਉਹਾਰ ਨੂੰ ਮੁੱਖ ਰੱਖ ਕੇ ਲੋਕ ਆਪੋ-ਆਪਣੇ ਘਰੀਂ ਸਫ਼ਾਈ ਕਰਦੇ ਹਨ, ਰੰਗ-ਰੋਗਨ ਕਰਾਉਂਦੇ ਹਨ, ਨਵੇਂ ਕੱਪੜੇ ਪਹਿਨਦੇ ਹਨ, ਸ਼ੁੱਭ ਖ਼ਰੀਦ ਦੀ ਧਾਰਨਾ ਅਧੀਨ ਗਹਿਣੇ ਅਤੇ ਬਰਤਨ ਖ਼ਰੀਦਦੇ ਹਨ, ਮਠਿਆਈਆਂ, ਫਲ, ਖੁਸ਼ਕ ਮੇਵੇ ਖ਼ਰੀਦਦੇ ਹਨ, ਮਨ-ਭਾਉਂਦੀਆਂ ਵਸਤਾਂ ਖਾਂਦੇ ਹਨ, ਆਪਣੇ ਸਨੇਹੀਆਂ ਨੂੰ ਖ਼ਾਧ-ਖ਼ੁਰਾਕ ਦੀਆਂ ਵਸਤਾਂ ਤੋਂ ਬਿਨਾਂ ਅਨੇਕ ਕਿਸਮ ਦੀਆਂ ਵਸਤਾਂ ਦੇ ਤੋਹਫੇ ਦਿੰਦੇ ਹਨ, ਅਸੀਸਾਂ-ਮੁਬਾਰਕਾਂ ਦਾ ਲੈਣ-ਦੇਣ ਹੁੰਦਾ ਹੈ। ਬਹੁਤੇ ਲੋਕ ਆਪਣੇ ਵਿੱਛੜ ਚੁੱਕੇ ਪਿਆਰਿਆਂ ਦੀ ਯਾਦ ਵਿੱਚ ਸ਼ਮਸ਼ਾਨ-ਘਾਟਾਂ ਵਿੱਚ ਦੀਪ ਜਗਾਉਂਦੇ ਹਨ। ਵਿੱਦਿਆ ਸੰਸਥਾਵਾਂ ਵਿੱਚ ਕਲਾਸ ਰੂਮ ਸਜਾਉਣ ਦੇ, ਰੰਗੋਲੀਆਂ ਬਣਾਉਣ ਦੇ ਤੇ ਸੱਭਿਆਚਾਰਕ ਮੁਕਾਬਲੇ ਹੁੰਦੇ ਹਨ।

ਦੀਵਾਲੀ ਤੋਂ ਦੂਸਰੇ ਦਿਨ ਨੂੰ 'ਟਿੱਕਾ ਭਾਈ ਦੂਜ' ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਦਿਨ ਦੂਰ ਰਹਿੰਦੇ ਬਹੁਤ ਸਾਰੇ ਭੈਣ-ਭਰਾ ਇਕੱਤਰ ਹੁੰਦੇ ਹਨ। ਭੈਣਾਂ ਆਪਣੇ ਭਰਾਵਾਂ ਦੇ ਟਿੱਕਾ ਲਾਉਂਦੀਆਂ ਹਨ। ਭੈਣ-ਭਰਾਵਾਂ ਦੀ ਸਕੀਰੀ ਵਿੱਚ ਇਹ ਤਿਉਹਾਰ ਰੱਖੜੀ ਜਿਹਾ ਹੀ ਹੁੰਦਾ ਹੈ।



ਇਹ ਗੱਲ ਅਜੇ ਵੀ ਬੁਝਾਰਤ ਬਣੀ ਹੋਈ ਹੈ ਕਿ ਦੀਪਾਂ-ਰੋਸ਼ਨੀਆਂ ਦੇ ਇਸ ਤਿਉਹਾਰ ਨਾਲ ਆਤਿਸ਼ਬਾਜ਼ੀ ਆ ਕੇ ਕਦੋਂ ਜੁੜ ਗਈ? ਇਹ ਤਿਉਹਾਰ ਆਤਿਸ਼ਬਾਜ਼ੀ ਦਾ ਤਿਉਹਾਰ ਬਣ ਕੇ ਰਹਿ ਗਿਆ ਹੈ। ਆਤਿਸ਼ਬਾਜ਼ੀ ਦੀ ਇਸ ਬਹੁ-ਕਰੋੜੀ ਪ੍ਰਣਾਲੀ ਵਿੱਚ ਕੁੱਲ ਖ਼ਪਤ ਦਾ 70 ਫ਼ੀਸਦੀ ਪੈਦਾ ਕਰਨ ਵਾਲਾ ਤਾਮਿਲ ਨਾਡੂ ਦਾ ਸ਼ਹਿਰ ਸ਼ਿਵਾਕਾਸ਼ੀ ਹੈ। ਹੋਰ ਸ਼ਹਿਰਾਂ ਵਦੋਦਰਾ, ਦਿੱਲੀ, ਰਾਜਕੋਟ, ਚੇਨੱਈ, ਆਦਿ ਵਿੱਚ ਵੀ ਆਤਿਸ਼ਬਾਜ਼ੀ ਬਣਦੀ ਹੈ। ਇਸ ਤੋਂ ਅੱਗੇ ਸਨਅਤਾਂ ਤੋਂ ਨਿਆਣਿਆਂ ਦੇ ਹੱਥਾਂ ਤੱਕ ਪਹੁੰਚਣ ਦੀ ਵੰਡ-ਵੰਡਾਈ ਸ਼ਾਮਲ ਹੈ। ਇਸ ਧੰਦੇ ਵਿੱਚ ਵੱਡੇ ਭਾਰਤੀ ਘਰਾਣੇ ਸ਼ਾਮਲ ਹਨ। ਇਸ ਸਨਅਤ ਵਿੱਚ ਘੱਟ ਲਾਗਤ ਕਰ ਕੇ ਵਧੇਰੇ ਮੁਨਾਫਾ ਕਮਾਉਣ ਲਈ ਬੱਚਿਆਂ ਅਤੇ ਔਰਤਾਂ ਤੋਂ ਕੰਮ ਲਿਆ ਜਾਂਦਾ ਹੈ। ਇਸ ਮਜ਼ਦੂਰ ਸਮੂਹ ਦਾ ਆਤਿਸ਼ਬਾਜ਼ੀ ਬਣਾਉਣ ਸਮੇਂ ਖ਼ਤਰਨਾਕ ਰਸਾਇਣਾਂ ਨਾਲ ਵਾਹ ਪੈਂਦਾ ਹੈ, ਜਿਸ ਕਾਰਨ ਉਹ ਸਾਹ ਪ੍ਰਣਾਲੀ ਅਤੇ ਚਮੜੀ ਦੇ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਅਕਸਰ ਹੁੰਦੇ ਰਹਿੰਦੇ ਹਾਦਸਿਆਂ ਵਿੱਚ ਕਿੰਨੇ ਹੀ ਅਜਿਹੇ ਮਜ਼ਦੂਰ ਆਪਣੇ ਹੱਥ, ਲੱਤਾਂ, ਅੱਖਾਂ ਜਿਹੇ ਅੰਗ ਗੁਆ ਬੈਠਦੇ ਹਨ।

ਭਾਵੇਂ 2005 ਵਿੱਚ ਸਾਡੇ ਦੇਸ਼ ਦੀ ਸੁਪਰੀਮ ਕੋਰਟ ਨੇ ਆਪਣੇ ਹੁਕਮ ਵਿੱਚ ਦੀਵਾਲੀ ਵਾਲੀ ਰਾਤ 10 ਵਜੇ ਤੋਂ ਬਾਅਦ ਆਤਿਸ਼ਬਾਜ਼ੀ ਚਲਾਉਣ 'ਤੇ ਪਾਬੰਦੀ ਲਾਗੂ ਕੀਤੀ ਸੀ, ਪਰ ਇਸ ਬਾਰੇ ਕਦੇ ਵੀ ਕਿਸੇ ਨੇ ਕਨੂੰਨ ਦੀ ਪ੍ਰਵਾਹ ਨਹੀਂ ਕੀਤੀ। ਦੇਸ਼ ਦੀ ਸੁਪਰੀਮ ਕੋਰਟ ਨੇ ਇਸ ਵਾਰ ਦੀ ਦੀਵਾਲੀ 'ਤੇ ਸ਼ਾਮ 6 ਵਜੇ ਤੋਂ ਰਾਤ ਦੇ 9 ਵਜੇ ਤੱਕ ਸਿਰਫ਼ ਹਲਕੀ ਆਤਿਸ਼ ਚਲਾਉਣ ਦੀ ਖੁੱਲ੍ਹ ਦਿੱਤੀ ਹੈ। ਵਾਤਾਵਰਣ ਨਾਲ ਸੰਬੰਧਤ ਵਿਭਾਗਾਂ ਨੇ ਨੋਟ ਕੀਤਾ ਕਿ ਦਿੱਲੀ, ਬੰਬਈ, ਕਲਕੱਤਾ, ਚੇਨੱਈ, ਬੰਗਲੌਰ, ਹੈਦਰਾਬਾਦ ਜਿਹੇ ਦਰਜਨਾਂ ਮਹਾਂਨਗਰਾਂ ਤੋਂ ਲੈ ਕੇ ਛੋਟੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਸਾਰੀ-ਸਾਰੀ ਰਾਤ ਆਤਿਸ਼ਬਾਜ਼ੀ ਚੱਲਦੀ ਰਹਿੰਦੀ ਹੈ। ਇਹ ਵੀ ਨੋਟ ਕੀਤਾ ਗਿਆ ਕਿ ਦੀਵਾਲੀ ਵਾਲੀ ਰਾਤ ਵਾਤਾਵਰਣ ਵਿੱਚ ਸਿਫਤੀ ਨਿਘਾਰ ਆਉਂਦਾ ਹੈ, ਤਾਪ ਵਧਦਾ ਹੈ, ਹਵਾ ਦੀ ਕੁਦਰਤੀ ਗਤੀ ਘਟਦੀ ਹੈ, ਦੁਰਗੰਧ ਫੈਲਦੀ ਹੈ ਅਤੇ ਹੁੰਮਸ ਵਧਦਾ ਹੈ। ਹਵਾ ਵਿੱਚ ਜਨ-ਜੀਵਨ ਅਤੇ ਬਨਸਪਤੀ ਲਈ ਘਾਤਕ ਨਾਈਟ੍ਰੇਟ, ਮੈਗਨੀਸ਼ੀਅਮ, ਨਾਈਟ੍ਰੋਜਨ-ਡਾਈਆਕਸਾਈਡ ਜਿਹੇ ਤੱਤ ਅਤੇ ਗੈਸਾਂ ਸਾਹ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਧੁਨੀ ਪ੍ਰਦੂਸ਼ਣ ਬਹੁਤ ਸਾਰੇ ਲੋਕਾਂ ਦੇ ਕੰਨਾਂ ਦੇ ਪਰਦੇ ਪਾੜ ਦਿੰਦਾ ਹੈ। ਹਸਪਤਾਲਾਂ ਅਤੇ ਘਰਾਂ ਵਿੱਚ ਪਏ ਮਰੀਜ਼ਾਂ ਤੋਂ ਇਲਾਵਾ ਪਸ਼ੂ ਧਨ ਪ੍ਰਭਾਵਤ ਹੁੰਦਾ ਹੈ। ਇਸ ਰਾਤ ਚਲਾਈ ਜਾਂਦੀ ਆਤਿਸ਼ਬਾਜ਼ੀ ਦੌਰਾਨ ਹਜ਼ਾਰਾਂ ਹਾਦਸੇ ਵਾਪਰਦੇ ਹਨ, ਖ਼ਾਸ ਤੌਰ 'ਤੇ ਕਈ ਬੱਚਿਆਂ ਨੂੰ ਸਰੀਰਕ ਹਾਨੀ ਪਹੁੰਚਦੀ ਹੈ। ਉਹ ਉਮਰ ਭਰ ਲਈ ਅਪੰਗ ਹੋ ਜਾਂਦੇ ਹਨ। ਦੀਵਾਲੀ ਵਾਲੀ ਰਾਤ ਮਠਿਆਈ ਤੇ ਆਤਿਸ਼ਬਾਜ਼ੀ ਦੇ ਖ਼ਾਲੀ ਡੱਬਿਆਂ ਤੋਂ ਇਲਾਵਾ ਚਲਾਈ ਗਈ ਆਤਿਸ਼ਬਾਜ਼ੀ ਤੋਂ ਹਜ਼ਾਰਾਂ ਟਨ ਕੂੜਾ-ਕਰਕਟ ਪੈਦਾ ਹੁੰਦਾ ਹੈ, ਜਿਸ ਵਿੱਚ ਪੋਟਾਸ਼ੀਅਮ, ਸਲਫਰ, ਫਾਸਫੋਰਸ, ਕਲੋਰੇਟ ਜਿਹੇ ਬਦਬੂਦਾਰ ਅਤੇ ਜਲਣਸ਼ੀਲ ਤੱਤ ਹੁੰਦੇ ਹਨ।

ਵੱਡੇ ਪੱਧਰ 'ਤੇ ਲੋਕ ਇਸ ਤਿਉਹਾਰ ਨੂੰ ਖਾਣ-ਪੀਣ ਦੇ ਬਹਾਨੇ ਵਜੋਂ ਲੈਂਦੇ ਹਨ। ਇਸ ਦਿਨ ਦਾਰੂ ਦੇ ਠੇਕਿਆਂ ਅੱਗੇ ਭੀੜਾਂ ਜੁੜਦੀਆਂ ਹਨ। ਦਾਰੂ ਆਮ ਨਾਲੋਂ ਕਈ ਗੁਣਾਂ ਵੱਧ ਵਿਕਦੀ ਹੈ। ਨਸ਼ਿਆਂ ਕਾਰਨ ਧਿਰਾਂ 'ਚ ਲੜਾਈਆਂ ਹੁੰਦੀਆਂ ਹਨ, ਝਗੜੇ ਥਾਣਿਆਂ-ਅਦਾਲਤਾਂ ਤੱਕ ਪੁੱਜਦੇ ਹਨ। ਇਸ ਦਾ ਇੱਕ ਮਾੜਾ ਪੱਖ ਇਹ ਹੈ ਕਿ ਮਠਿਆਈਆਂ ਨਾਲ ਜੁੜੇ ਇਸ ਤਿਉਹਾਰ ਲਈ ਕਾਫ਼ੀ ਚਿਰ ਪਹਿਲਾਂ ਤੋਂ ਹੀ ਮਾਰਕੀਟ ਵਿੱਚ ਬਨਾਵਟੀ ਮਠਿਆਈ ਬਣਨੀ ਸ਼ੁਰੂ ਹੋ ਜਾਂਦੀ ਹੈ। ਵੱਡੇ ਪੱਧਰ 'ਤੇ ਚੱਲਦੇ ਇਸ ਧੰਦੇ ਵਿੱਚ ਵੱਖ-ਵੱਖ ਵਿਭਾਗਾਂ ਦੇ ਭ੍ਰਿਸ਼ਟ ਅਧਿਕਾਰੀਆਂ ਦੀ ਮਿਲੀ-ਭੁਗਤ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸ ਦੇ ਬਾਵਜੂਦ ਦੀਵਾਲੀ ਦੇ ਦਿਨਾਂ ਵਿੱਚ ਮਿਲਾਵਟੀ ਮਠਿਆਈਆਂ ਦੀ ਫੜੋ-ਫੜਾਈ ਅਕਸਰ ਖ਼ਬਰਾਂ ਬਣਦੀ ਰਹਿੰਦੀ ਹੈ। ਦੀਵਾਲੀ ਦੇ ਮਾੜੇ ਪੱਖ ਦੇ ਰੂਪ ਵਿੱਚ ਇਸ ਤਿਉਹਾਰ ਦੌਰਾਨ ਖ਼ੁਸ਼ਾਮਦ ਵੀ ਸਿਖ਼ਰਾਂ ਛੂੰਹਦੀ ਹੈ। ਗਰਜ਼ਾਂ ਅਤੇ ਸਵਾਰਥ ਦੇ ਮਾਰੇ ਵੱਖ-ਵੱਖ ਵਰਗਾਂ ਦੇ ਲੋਕ ਆਪਣੇ ਆਕਾਵਾਂ ਨੂੰ ਮਹਿੰਗ ਮੁੱਲੇ ਦੇ ਤੋਹਫੇ ਭੇਟ ਕਰਨ ਦੇ ਬਹਾਨੇ ਵਜੋਂ ਵੀ ਲੈਂਦੇ ਹਨ।

ਕੁੱਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਹੁਣ ਇਹ ਤਿਉਹਾਰ ਭਾਈਚਾਰੇ, ਖ਼ੁਸ਼ਹਾਲੀ ਅਤੇ ਸਦਭਾਵਨਾ ਦੇ ਨਾਂਅ 'ਤੇ ਜਗਾਏ ਜਾਣ ਵਾਲੇ ਦੀਪਾਂ ਦਾ ਤਿਉਹਾਰ ਨਾ ਰਹਿ ਕੇ ਸ਼ੋਰ-ਸ਼ਰਾਬੇ ਦਾ, ਵੰਨ-ਸੁਵੰਨੇ ਪਕਵਾਨ ਖਾਣ ਦਾ ਅਤੇ ਖ਼ੁਸ਼ਾਮਦਾਂ ਦਾ ਤਿਉਹਾਰ ਬਣ ਕੇ ਰਹਿ ਗਿਆ ਹੈ।

ਦੀਵਾਲੀ ਦੀ ਰਾਤ ਆਤਿਸ਼ਬਾਜ਼ੀ ਕਾਰਨ ਵਧਦੇ ਪ੍ਰਦੂਸ਼ਣ ਦੀ ਰੋਕਥਾਮ ਲਈ ਆਵਾਜ਼ਾਂ ਉੱਠਣ ਲੱਗੀਆਂ ਹਨ। ਸੁਚੇਤ ਲੋਕ ਆਪਣੇ ਪੱਧਰ 'ਤੇ ਹਾਸਲ ਹਾਲਤਾਂ ਵਿੱਚ ਆਤਿਸ਼ਬਾਜ਼ੀ ਨਾ ਚਲਾਉਣ ਦਾ ਸੁਨੇਹਾ ਪ੍ਰਚਾਰਦੇ ਹਨ, ਪਰ ਇਹ ਆਵਾਜ਼ਾਂ ਅਤੇ ਇਨ੍ਹਾਂ 'ਤੇ ਅਮਲ ਕਰਨ ਵਾਲੇ ਬਹੁਤ ਘੱਟ ਹਨ, ਜਦੋਂ ਕਿ ਸਰਕਾਰੀ ਛਤਰ-ਛਾਇਆ ਹੇਠ ਆਤਿਸ਼ਬਾਜ਼ੀ ਤਿਆਰ ਕਰਨ ਵਾਲੀ ਸਨਅਤ ਸਾਲ ਭਰ ਸਰਗਰਮ ਰਹਿੰਦੀ ਹੈ। ਬਹੁਤ ਜ਼ਰੂਰੀ ਹੈ ਕਿ ਵਾਤਾਵਰਣ, ਜਨ-ਜੀਵਨ ਅਤੇ ਜੀਵਨਦਾਤੀ ਓਜ਼ੋਨ ਪਰਤ ਨੂੰ ਬਚਾਉਣ ਲਈ ਆਤਿਸ਼ਬਾਜ਼ੀ ਨੂੰ ਬਣਨ ਤੋਂ ਹੀ ਰੋਕਿਆ ਜਾਵੇ। ਆਤਿਸ਼ਬਾਜ਼ੀ 'ਤੇ ਮੁਕੰਮਲ ਰੋਕ ਲਈ ਰਾਜਸੀ ਇੱਛਾ ਸ਼ਕਤੀ ਬੇਹੱਦ ਜ਼ਰੂਰੀ ਹੈ, ਤਾਂ ਕਿ ਦੀਵਾਲੀ ਵਾਲੀ ਰਾਤ ਸਾੜ ਕੇ ਸੁਆਹ ਕੀਤਾ ਜਾਂਦਾ ਕੌਮੀ ਧਨ ਨਿਰਮਾਣ ਕਾਰਜਾਂ ਵਿੱਚ ਲਾਇਆ ਜਾ ਸਕੇ।

ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਲੱਖ ਲੱਖ ਵਧਾਈਆਂ

AUTO & HOME INSURANCE

Super visa monthly plans available /Life & Disability/
Critical illness /RESP /Visitor & Travel insurance

ਬੱਚਿਆਂ ਦੀ ਆਰ ਈ ਐਸ ਪੀ ਕਰਾਉਣ ਤੇ 20% ਤੱਕ ਗਰਾਂਟ ਅਤੇ 15% ਤੱਕ ਬੋਨਸ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸੰਪਰਕ ਕਰੋ: Manwinder Mangat

Aaxel Insurance Brokers Ltd., 1332 Khalsa Dr,
Unit # 11, Mississauga, ON L5S 0A2

416-845-1352



# VIP AUTO CENTRE

Shubh DIWALI

ਬੰਦੀਛੋੜ ਦਿਵਸ
ਤੇ ਦੀਵਾਲੀ ਦੀਆਂ
ਲੱਖ ਲੱਖ ਵਧਾਈਆਂ




JASBIR SINGH MOGA
(ਮਹਿਣੇਵਾਲੇ)

Safety Certification Available
Muffler & Tire Specialist
New & Used Tires Available

FREE CHECKUP

OIL CHANGE FOR $30 FOR MOST CARS

4 Abacus Rd, Unit # 14
Brampton, L6T 5J6
905-794-1691
647-998-1300




JEYA JT TRANSPORT LTD.

ਵੱਲੋਂ ਦਿਵਾਲੀ ਦੀਆਂ
ਲੱਖ ਲੱਖ ਵਧਾਈਆਂ

Happy Diwali

Email: ramesh@jeyatransport.com




202-2386 Haines Rd., Mississauga ON. | www.jeyatransport.com



SEHMBI RENOVATIONS
ਵੱਲੋਂ ਦਿਵਾਲੀ ਦੀਆਂ
ਲੱਖ ਲੱਖ ਵਧਾਈਆਂ
• Custom Kitchen Cabinets
• Legal Basement
• Completly Furnished
• Painting & Flooring
ਵਾਜਿਬ
ਕੀਮਤ ਤੇ ਸਮੇਂ
ਸਿਰ ਕੰਮ
USPA
Jaswant Sehmbi: 647.524.0885




Royal Pest Control
RESIDENTIAL | COMMERCIAL | INDUSTRIAL
SPECIALIST IN BEDBUGS SERVICE
Total Interior & Exterior Pest Control
Email: royalpestgta@gmail.com
www.royalpestcontrol.ca
FREE ESTIMATES
Wishing You Happy Diwali
Call: PARESH PATEL
(Government Approved Licensed Technician)
416 938 4598
▪ FREE ESTIMATES
▪ SENIOR DISCOUNTS
▪ WRITTEN GUARANTEE

# ਰੁੱਤ ਦੀਵੇ ਬਾਲਣ ਦੀ

-ਗੁਰਚਰਨ ਸਿੰਘ ਨੂਰਪੁਰ



ਭਾਰਤ ਵਿੱਚ ਮੇਲੇ ਅਤੇ ਦਿਨ-ਤਿਉਹਾਰ ਪੂਰਾ ਸਾਲ ਹੀ ਕਿਸੇ ਨਾ ਕਿਸੇ ਖਿੱਤੇ/ ਵਰਗ ਵਿੱਚ ਚੱਲਦੇ ਰਹਿੰਦੇ ਹਨ। ਮੇਲੇ ਅਤੇ ਤਿਉਹਾਰ ਰੋਜ਼ਾਨਾ ਜ਼ਿੰਦਗੀ ਦੇ ਰੁਝੇਵਿਆਂ ਤੋਂ ਪੈਦਾ ਹੋਈ ਉਪਰਾਮਤਾ/ ਉਦਾਸੀਨਤਾ/ ਅਕੇਵਿਆਂ-ਥਕੇਵਿਆਂ ਤੋਂ ਨਿਜਾਤ ਪਾਉਣ ਦਾ ਇੱਕ ਚੰਗਾ ਜ਼ਰੀਆ ਹੁੰਦੇ ਹਨ। ਦੀਵਾਲੀ ਭਾਰਤੀ ਲੋਕਾਂ ਦਾ ਮਹੱਤਵ ਪੂਰਨ ਤਿਉਹਾਰ ਹੈ। ਦੀਵਾਲੀ ਦੀਵਿਆਂ ਦਾ ਤਿਉਹਾਰ ਹੈ। ਦੀਵੇ ਚਾਨਣ ਤੇ ਗਿਆਨ ਦਾ ਪ੍ਰਤੀਕ ਹੁੰਦੇ ਹਨ। ਬੇਸ਼ੱਕ ਮਨੁੱਖ ਜਾਤੀ ਨੇ ਗਿਆਨ-ਵਿਗਿਆਨ ਦੇ ਖੇਤਰ ਵਿੱਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ, ਪਰ ਅਗਿਆਨਤਾ ਦਾ ਹਨੇਰ ਅੱਜ ਵੀ ਮਨਾਂ ਵਿੱਚ ਪੱਸਰਿਆ ਹੈ।

ਲੱਗਭੱਗ ਵੀਹ ਲੱਖ ਸਾਲ ਪਹਿਲਾਂ ਧਰਤੀ 'ਤੇ ਮਨੁੱਖ ਜਾਤੀ ਦਾ ਆਗਮਨ ਹੋਇਆ ਸੀ, ਉਦੋਂ ਤੋਂ ਲੈ ਕੇ ਅੱਜ ਤੱਕ ਮਨੁੱਖ ਜਾਤੀ ਨਿਰੰਤਰ ਆਪਣੀ ਪੌਦ ਦਾ ਵਿਕਾਸ ਕਰ ਰਹੀ ਹੈ। ਸਾਡੀਆਂ ਲੱਖਾਂ ਪੀੜ੍ਹੀਆਂ ਇਸ ਧਰਤੀ 'ਤੇ ਜੰਮੀਆਂ, ਜੀਵੀਆਂ ਤੇ ਮੋਈਆਂ। ਉਹ ਲੋਕ ਇੱਥੇ ਕਿਵੇਂ ਤੇ ਕਿੱਥੇ-ਕਿੱਥੇ ਵਿਚਰਦੇ-ਭਟਕਦੇ ਰਹੇ, ਇਹ ਸਭ ਅਤੀਤ ਦੀ ਧੁੰਦ ਵਿੱਚ ਗਵਾਚ ਗਿਆ। ਬਿਲਕੁਲ ਅਜਿਹੀ ਸਥਿਤੀ ਸਾਡੇ ਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਦੁਹਰਾਈ ਜਾਵੇਗੀ। ਅਸੀਂ ਵੀ ਬੀਤੇ ਦੇ ਅਗਿਆਤ ਪੰਨੇ ਦਾ ਹਿੱਸਾ ਬਣ ਜਾਵਾਂਗੇ। ਮਨੁੱਖ ਜਾਤੀ ਬਾਰੇ ਅਸੀਂ ਕਹਿ ਸਕਦੇ ਹਾਂ ਕਿ ਇਹ ਭਾਵੇਂ ਪਸ਼ੂ-ਪੰਛੀਆਂ ਤੋਂ ਵਿਕਾਸ ਕਰਦੀ-ਕਰਦੀ ਅੱਜ ਤੱਕ ਦੇ ਮੁਕਾਮ 'ਤੇ ਪਹੁੰਚੀ, ਜਿੱਥੇ ਇਸ ਨੂੰ ਜਾਨਵਰ ਜਾਂ ਪਸ਼ੂ ਬਿਲਕੁਲ ਨਹੀਂ ਕਿਹਾ ਜਾ ਸਕਦਾ, ਪਰ ਸੱਚ ਇਹ ਹੈ ਕਿ ਮਨੁੱਖ ਅਜੇ ਸਹੀ ਅਰਥਾਂ ਵਿੱਚ ਪੂਰਨ ਇਨਸਾਨ ਵੀ ਨਹੀਂ ਬਣ ਸਕਿਆ।

ਇਸ ਧਰਤੀ 'ਤੇ ਪੈਦਾ ਹੁੰਦਾ ਹਰ ਵਿਅਕਤੀ ਨਹੀਂ, ਸਗੋਂ ਪਸ਼ੂ-ਪੰਛੀ ਵੀ ਆਪਣੀ ਸਮਝ ਮੁਤਾਬਕ ਆਪਣੇ ਸੀਮਤ ਫਰਜ਼ ਨਿਭਾਉਂਦੇ ਹਨ; ਆਪਣੀਆਂ ਨਸਲਾਂ ਨੂੰ ਪਾਲਦੇ ਹਨ, ਉਹਨਾਂ ਦੀ ਹਿਫਾਜ਼ਤ ਕਰਦੇ ਹਨ, ਰੱਜ ਜਾਂਦੇ ਹਨ ਤਾਂ ਹੋਰ ਖਾਣਾ ਬੰਦ ਕਰ ਦਿੰਦੇ ਹਨ। ਇਹ ਵਰਤਾਰਾ ਯੁਗਾਂ-ਯੁਗਾਂਤਰਾਂ ਤੋਂ ਚੱਲਦਾ ਆ ਰਿਹਾ ਹੈ। ਪਸ਼ੂ-ਪੰਛੀਆਂ ਦੀ ਸਮਝ ਅਤੇ ਮਨੁੱਖੀ ਸਮਝ 'ਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਪਸ਼ੂ-ਪੰਛੀ ਆਪਣੀਆਂ ਨਸਲਾਂ ਜਾਂ ਕੁਦਰਤ ਪ੍ਰਤੀ ਆਪਣੇ ਫਰਜ਼ ਲਈ ਚੇਤੰਨ ਹਨ, ਪਰ ਇਸ ਦੇ ਉਲਟ ਮਨੁੱਖ ਹੈ ਕਿ ਆਪਣੇ ਵਾਤਾਵਰਣ ਜਾਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਰਤਾ ਵੀ ਗੰਭੀਰ ਨਹੀਂ ਜਾਪਦਾ।

ਮਨੁੱਖ ਜਾਤੀ ਨੂੰ ਗ੍ਰੰਥਾਂ-ਸ਼ਾਸਤਰਾਂ ਵਿੱਚ ਜੀਵ-ਜਾਤੀਆਂ ਵਿੱਚ ਸਭ ਤੋਂ ਸ੍ਰੇਸ਼ਟ ਦੱਸਿਆ ਗਿਆ ਹੈ। ਮਨੁੱਖ ਨਾਮ ਦੇ ਜੀਵ ਦੀ ਇਹ ਉੱਤਮ ਸ਼੍ਰੇਣੀ ਵੱਖ-ਵੱਖ ਧਰਮਾਂ, ਨਸਲਾਂ, ਜਾਤਾਂ, ਮਜ਼੍ਹਬਾਂ ਤੇ ਦੇਸ਼ਾਂ ਦੀਆਂ ਹੱਦ-ਬੰਦੀਆਂ ਵਿੱਚ ਵੰਡੀ ਹੋਈ ਹੈ। ਮਨੁੱਖ ਨੇ ਆਪਣੀਆਂ ਪੀੜ੍ਹੀਆਂ ਨੂੰ ਸਿਆਣਾ ਅਤੇ ਬੁੱਧੀਮਾਨ ਬਣਾਉਣ ਲਈ ਜੋ ਸਿੱਖਿਆ'ਦਾ ਪ੍ਰਪੰਚ ਰਚਿਆ ਹੈ, ਇਹ ਇੱਕ ਹੱਦ ਤੱਕ ਮਨੁੱਖ ਅੰਦਰ ਸਾਜ਼ਿਸ਼ੀ ਪ੍ਰਵਿਰਤੀ ਨੂੰ ਜਨਮ ਦੇਣ ਅਤੇ ਦੂਜਿਆਂ ਨੂੰ ਠਿੱਬੀ ਲਾਉਣ ਵੱਲ ਸੇਧਤ ਹੈ। ਪਹਿਲਾਂ ਇਹ ਵਿੱਦਿਆ ਧਰਮ ਦੇ ਰੰਗ ਵਿੱਚ ਰੰਗੀ ਹੋਈ ਸੀ। ਅੱਜ ਦੀ ਵਿੱਦਿਆ ਤਕਨੀਕ ਅਤੇ ਜੁਗਤ ਪ੍ਰਧਾਨ ਹੈ। ਇਸ ਵਿੱਚ ਮਾਨਵੀ ਗੁਣਾਂ ਦੇ ਵਿਕਾਸ ਜਿਹੀ ਕੋਈ ਗੱਲ ਨਜ਼ਰ ਨਹੀਂ ਆਉਂਦੀ। ਇਸ ਵਿੱਚ ਨਿਮਰਤਾ, ਸੰਜਮ ਅਤੇ ਸਮੱਰਪਣ ਦੀ ਭਾਵਨਾ ਕਿਧਰੇ ਵੀ ਝਲਕਦੀ ਨਹੀਂ।

ਇਸ ਧਰਤੀ 'ਤੇ ਪਹਿਲਾਂ ਧਰਮਾਂ, ਜਾਤਾਂ, ਨਸਲਾਂ ਦੇ ਨਾਮ 'ਤੇ ਕਤਲੋਗਾਰਤ ਹੁੰਦੀ ਸੀ। ਇਹ ਵਰਤਾਰੇ ਅਜੇ ਵੀ ਰੁਕੇ ਨਹੀਂ। ਅੱਜ ਵੀ ਬੁੱਧੀਮਾਨ ਲੋਕਾਂ ਨੂੰ ਹਨੇਰਿਆਂ ਦੇ ਦਾਅਵੇਦਾਰ ਬਰਦਾਸ਼ਤ ਨਹੀਂ ਕਰਦੇ। ਨਰਿੰਦਰ ਡਾਬੋਲਕਰ, ਐੱਮ ਐੱਮ ਕਲਬੁਰਗੀ, ਗੋਵਿੰਦ ਪਾਂਸਰੇ ਅਤੇ ਗੌਰੀ ਲੰਕੇਸ਼ ਵਰਗੇ ਮਹਾਨ ਲੋਕਾਂ ਦੀਆਂ ਹੱਤਿਆਵਾਂ ਹੋਣੀਆਂ ਸਾਡੇ ਸਮਾਜ ਦੇ ਮੱਥੇ 'ਤੇ ਕਲੰਕ ਹਨ। ਅੱਜ ਵੀ ਇਸ ਸਮਾਜ ਨੂੰ ਅਗਿਆਨਤਾ ਦੇ ਹਨੇਰੇ ਵਿੱਚ ਰੱਖਣ ਵਾਲੀਆਂ ਤਾਕਤਾਂ ਸਰਗਰਮ ਹਨ। ਦੇਸ਼ ਵਿੱਚ ਭੁੱਖਮਰੀ ਹੈ, ਗ਼ਰੀਬੀ ਹੈ, ਬੇਰੁਜ਼ਗਾਰੀ ਹੈ, ਵਿਕਾਸ ਦੇ ਨਾਮ 'ਤੇ ਚਿੱਟੇ ਦਿਨ ਚੱਲ ਰਹੀ ਲੁੱਟ ਹੈ, ਭ੍ਰਿਸ਼ਟਾਚਾਰ ਹੈ, ਪਰ ਲੋਕਾਂ ਨੂੰ ਰਾਸ਼ਟਰਵਾਦ ਦਾ ਪਾਠ ਪੜ੍ਹਾਉਣ ਦੇ ਯਤਨ ਕੀਤੇ ਜਾ ਰਹੇ ਹਨ। ਲੋਕਾਂ ਨੂੰ ਜਾਤਾਂ-ਪਾਤਾਂ ਅਤੇ ਧਰਮਾਂ-ਮਜ਼ਹਬਾਂ ਦੇ ਫ਼ਿਰਕੂ ਰੰਗ ਵਿੱਚ ਰੰਗਿਆ ਜਾ ਰਿਹਾ ਹੈ।

ਅੱਜ ਕਰਜ਼ਿਆਂ ਦੇ ਸਤਾਏ ਲੋਕ ਮਰ ਰਹੇ ਹਨ। ਅੰਨ ਦੇ ਦਾਣੇ-ਦਾਣੇ ਅਤੇ ਪਾਣੀ ਦੀ ਬੂੰਦ-ਬੂੰਦ ਦੇ ਮੁਥਾਜ ਲੋਕ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਦੇਸ਼ ਦੇ ਗ਼ਰੀਬ ਲੋਕ ਘੰਟਿਆਂ-ਬੱਧੀ ਫ਼ੈਕਟਰੀਆਂ-ਮਿੱਲਾਂ ਵਿੱਚ ਕੰਮ ਕਰਦੇ ਹਨ। ਅਸਮਾਨ ਛੋਂਹਦੀਆਂ ਬਿਲਡਿੰਗਾਂ ਉਸਾਰਦੇ ਹਨ। ਸੜਕਾਂ ਬਣਾਉਂਦੇ ਹਨ। ਖੇਤਾਂ, ਭੱਠਿਆਂ ਅਤੇ ਮੰਡੀਆਂ ਆਦਿ ਵਿੱਚ ਕੰਮ ਕਰਨ ਵਾਲੇ, ਦੇਸ਼ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਵਾਲੇ ਇਹਨਾਂ ਲੋਕਾਂ ਦੇ ਦੁੱਖਾਂ-ਦਰਦਾਂ ਦੀ ਕਿਤੇ ਗੱਲ ਨਹੀਂ ਹੋ ਰਹੀ, ਸਗੋਂ ਆਪਣੇ-ਆਪਣੇ ਝੰਡੇ ਉੱਚੇ ਕੀਤੇ ਜਾ ਰਹੇ ਹਨ। ਇਨ੍ਹਾਂ ਲੋਕਾਂ ਕੋਲ ਖਾਣ ਲਈ ਪੌਸ਼ਟਿਕ ਭੋਜਣ ਤਾਂ ਦੂਰ, ਪੀਣ ਲਈ ਸਾਫ਼ ਪਾਣੀ ਵੀ ਨਹੀਂ ਹੈ। ਇਹਨਾਂ ਦੇ ਬੱਚੇ ਕੁਪੋਸਣ ਦਾ ਸ਼ਿਕਾਰ ਹੋ ਰਹੇ ਹਨ। ਔਰਤਾ 'ਚੋਂ 50 ਫ਼ੀਸਦੀ ਅਨੀਮੀਆਂ (ਖ਼ੂਨ ਦੀ ਘਾਟ) ਤੋਂ ਪੀੜਤ ਹਨ। ਸਾਡੇ ਦੇਸ਼ ਦੇ ਹਾਕਮਾਂ ਲਈ ਇਹ ਕਿੰਨੀ ਸ਼ਰਮ ਦੀ ਗੱਲ ਹੈ ਕਿ 70 ਸਾਲਾਂ ਦੇ ਆਪਣੇ ਸ਼ਾਸਨ ਵਿੱਚ ਵੀ ਉਹ 45 ਫ਼ੀਸਦੀ ਭਾਰਤੀ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਹਾਸਲ ਨਹੀਂ ਕਰਾ ਸਕੇ। ਇੱਕ ਰਿਪੋਰਟ ਅਨੁਸਾਰ ਅੱਜ ਤੇਜ਼ੀ ਨਾਲ ਫੈਲ ਰਹੀਆਂ 70 ਫ਼ੀਸਦੀ ਬਿਮਾਰੀਆਂ ਦੂਸ਼ਿਤ ਪਾਣੀ ਕਰ ਕੇ ਹਨ।

ਅਸੀਂ ਜਦੋਂ ਦੀਵਾਲੀ ਵਰਗਾ ਤਿਉਹਾਰ ਮਨਾਉਂਦੇ ਹਾਂ ਤਾਂ ਸਾਨੂੰ ਆਪਣੇ ਮਨਾਂ ਅੰਦਰ ਵੀ ਝਾਤ ਪਾਉਣ ਦੀ ਲੋੜ ਹੈ। ਸਾਨੂੰ ਮਾਨਵਵਾਦੀ ਸੋਚਾਂ ਲਈ ਕੰਮ ਕਰਨ ਦੀ ਲੋੜ ਹੈ। ਦੀਵਾਲੀ ਭਾਵੇਂ ਦੀਵਿਆਂ ਦਾ ਤਿਉਹਾਰ ਹੈ, ਪਰ ਇਸ ਦਿਨ ਪੂਰੇ ਦੇਸ਼ ਵਿੱਚ ਅਰਬਾਂ ਰੁਪਈਆਂ ਦੇ ਪਟਾਕੇ ਚਲਾ ਕੇ ਹਵਾ, ਪਾਣੀ ਤੇ ਮਿੱਟੀ ਨੂੰ ਵੱਡੀ ਪੱਧਰ 'ਤੇ ਦੂਸ਼ਿਤ ਕੀਤਾ ਜਾਂਦਾ ਹੈ। ਬਾਜ਼ਾਰ ਵਿੱਚ ਅੱਜ ਕੱਲ੍ਹ ਮਿਲਣ ਵਾਲੇ ਪਟਾਕਿਆਂ ਦੀ ਕੀਮਤ ਕੁਝ ਕੁ ਰੁਪਏ ਤੋਂ ਲੈ ਕੇ ਸੈਂਕੜੇ ਰੁਪਿਆਂ ਤੱਕ ਹੈ। ਦੀਵਾਲੀ ਤੋਂ ਕੁਝ ਦਿਨ ਪਹਿਲਾਂ ਹਰ ਸ਼ਹਿਰ ਵਿੱਚ ਟਰੱਕਾਂ ਦੇ ਟਰੱਕ ਪਟਾਕਿਆਂ ਦੇ ਆਉਂਦੇ ਹਨ। ਇਹਨਾਂ ਨੂੰ ਖ਼ਰੀਦ ਕੇ ਦੀਵਾਲੀ ਵਾਲੇ ਦਿਨ ਲੋਕਾਂ ਨੇ ਅੱਗ ਲਾ ਕੇ ਸੁਆਹ ਕਰਨਾ ਹੁੰਦਾ ਹੈ ਤੇ ਖ਼ੁਸ਼ੀ ਮਨਾਉਣੀ ਹੁੰਦੀ ਹੈ, ਭੰਗੜੇ ਪਾਉਣੇ ਹੁੰਦੇ ਹਨ। ਦੂਜੇ ਅਰਥਾਂ ਵਿੱਚ ਕਹਿ ਸਕਦੇ ਹਾਂ ਕਿ ਅਸੀਂ ਇਸ ਦਿਨ ਆਪਣੀ ਮਿਹਨਤ ਨਾਲ ਕੀਤੀ ਕਮਾਈ ਦਾ ਕੁਝ ਹਿੱਸਾ ਕੁਝ ਪਲਾਂ ਵਿੱਚ ਸਾੜ ਕੇ ਸਵਾਹ ਕਰ ਦਿੰਦੇ ਹਾਂ। ਪਟਾਕਾ ਕਾਰੋਬਾਰ ਨੇ ਭਾਵੇਂ ਅਨੇਕ ਲੋਕਾਂ ਨੂੰ ਰੋਜ਼ਗਾਰ ਦਿੱਤਾ ਹੈ, ਪਰ ਪਟਾਕਿਆਂ ਦੇ ਬਣਾਉਣ ਤੋਂ ਲੈ ਕੇ ਚਲਾਏ ਜਾਣ ਤੱਕ ਇਹਨਾਂ ਦੇ ਨੁਕਸਾਨ ਹੀ ਨੁਕਸਾਨ ਹਨ। ਇਹਨਾਂ ਨੂੰ ਬਣਾਉਣ, ਸਟੋਰ ਕਰਨ, ਕਿਤੇ ਲੈ ਕੇ ਜਾਣ ਅਤੇ ਚਲਾਉਣ ਤੱਕ ਕਿਸੇ ਸਮੇਂ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਇਹਨਾਂ ਦਾ ਫਾਇਦਾ ਸਿਰਫ਼ ਕੁਝ ਕੁ ਲੋਕਾਂ ਨੂੰ ਹੁੰਦਾ ਹੈ, ਜੋ ਇਸ ਤਿਉਹਾਰ ਦੌਰਾਨ ਲੱਖਾਂ ਰੁਪਏ ਦੀ ਕਮਾਈ ਕਰ ਲੈਂਦੇ ਹਨ। ਯੂ ਪੀ ਵਰਗੇ ਪ੍ਰਾਂਤਾਂ ਵਿੱਚ ਬਹੁਤ ਥੋੜ੍ਹੀ ਮਜ਼ਦੂਰੀ 'ਤੇ ਲੋਕ ਪਟਾਕੇ ਬਣਾਉਣ ਦੇ ਕਾਰੋਬਾਰ ਵਿੱਚ ਲੱਗੇ ਹੋਏ ਹਨ। ਇਹਨਾਂ ਵਿੱਚ ਜ਼ਿਆਦਾ ਗਿਣਤੀ ਔਰਤਾਂ ਅਤੇ ਬੱਚਿਆਂ ਦੀ ਹੁੰਦੀ ਹੈ। ਹਰ ਸਾਲ ਪਟਾਕੇ ਬਣਾਉਣ ਦੌਰਾਨ ਅਨੇਕ ਹਾਦਸੇ ਵਾਪਰਦੇ ਹਨ। ਇਸ ਤੋਂ ਇਲਾਵਾ ਪਟਾਕਿਆਂ ਦੇ ਸਟੋਰਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਾਪਰਦੀਆਂ ਹਨ।

ਸਮੇਂ ਦੇ ਬੀਤਣ ਨਾਲ ਇਸ ਦਿਨ ਮਨਾਏ ਜਾਣ ਵਾਲੇ ਜਸ਼ਨਾਂ ਨਾਲ ਕਈ ਤਰ੍ਹਾਂ ਦੀਆਂ ਕੁਰੀਤੀਆਂ ਵੀ ਜੁੜ ਗਈਆਂ ਹਨ। ਪਟਾਕੇ ਬਣਾਉਣਾ-ਵੇਚਣਾ ਹੁਣ ਇੱਕ ਵੱਡਾ ਕਾਰੋਬਾਰ ਬਣ ਗਿਆ ਹੈ। ਦੀਵਾਲੀ ਸਮੇਂ ਹਰ ਸਾਲ ਪਟਾਕੇ ਚਲਾਉਣ ਦੌਰਾਨ ਅਨੇਕ ਬੱਚਿਆਂ ਦੇ ਕੰਨ, ਨੱਕ, ਅੱਖਾਂ ਅਤੇ ਹੱਥ ਨਕਾਰਾ ਹੋ ਜਾਂਦੇ ਹਨ। ਪਟਾਕਿਆਂ ਦੀ ਆਵਾਜ਼ ਨਾਲ ਹਰ ਸਾਲ ਅਨੇਕ ਬੱਚੇ ਕੰਨਾਂ ਤੋਂ ਬੋਲੇ ਹੋ ਜਾਂਦੇ ਹਨ। ਇਸ ਤਰ੍ਹਾਂ ਆਪਣੀ ਬੇਸਮਝੀ ਕਾਰਨ ਇਹ ਬੱਚੇ ਉਮਰ ਭਰ ਲਈ ਅਪਾਹਜ ਹੋ ਜਾਂਦੇ ਹਨ। ਦੀਵਾਲੀ ਦੀ ਰਾਤ ਪਿੰਡਾਂ-ਸ਼ਹਿਰਾਂ, ਗਲੀਆਂ-ਬਾਜ਼ਾਰਾਂ ਵਿੱਚ ਥਾਂ-ਥਾਂ 'ਤੇ ਪਟਾਕਿਆਂ ਦੀ ਰਹਿੰਦ-ਖੂੰਹਦ ਨਾਲ ਪਿਆ ਗੰਦ ਹਰ ਪਾਸੇ ਦੇਖਿਆ ਜਾ ਸਕਦਾ ਹੈ। ਪਟਾਕਿਆਂ ਦੇ ਚਲਾਉਣ ਤੋਂ ਪੈਦਾ ਹੋਏ ਧੂੰਏਂ ਕਾਰਨ ਹਵਾ ਸਾਹ ਲੈਣ ਦੇ ਯੋਗ ਨਹੀਂ ਰਹਿੰਦੀ।

ਸਾਨੂੰ ਚਾਹੀਦਾ ਹੈ ਕਿ ਅਸੀਂ ਇਸ ਦਿਨ ਆਪਣੇ ਮਨਾਂ ਅੰਦਰਲੇ ਹਨੇਰੇ ਨੂੰ ਦੂਰ ਕਰਨ ਲਈ ਯਤਨਸ਼ੀਲ ਹੋਈਏ। ਜਿੱਥੇ ਅਸੀਂ ਆਪਣੇ ਬੱਚਿਆਂ ਨੂੰ ਹਜ਼ਾਰ ਰੁਪਏ ਖ਼ਰਚ ਕੇ ਪਟਾਕੇ ਲੈ ਕੇ ਦਿੰਦੇ ਹਾਂ, ਉੱਥੇ ਉਹਨਾਂ ਨੂੰ ਇਸ ਦੀ ਥਾਂ ਵਧੀਆ ਕਿਤਾਬਾਂ ਪੜ੍ਹਨ ਲਈ ਖ਼ਰੀਦ ਕੇ ਦੇਈਏ, ਜਿਨ੍ਹਾਂ ਤੋਂ ਗਿਆਨ ਹਾਸਲ ਕਰ ਕੇ ਉਹ ਚੰਗੇ ਇਨਸਾਨ ਬਣ ਸਕਣ। ਸਾਨੂੰ ਚਾਹੀਦਾ ਹੈ ਕਿ ਇਸ ਦਿਨ ਅਸੀਂ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਵੀ ਕਿਤਾਬਾਂ ਤੋਹਫਿਆਂ ਦੇ ਰੂਪ ਵਿੱਚ ਦੇਈਏ। ਧਰਤੀ 'ਤੇ ਹੋਰ ਗੰਦ ਪਾਉਣ ਦੀ ਬਜਾਏ ਇਸ ਦਿਨ ਦੀ ਆਮਦ 'ਤੇ ਆਪਣੇ ਆਲੇ-ਦੁਆਲੇ ਦੀ ਸਫ਼ਾਈ ਕਰੀਏ। ਇਸ ਦਿਨ ਦੀਵੇ ਜਗਾਉਣ ਦੇ ਨਾਲ ਆਪਣੇ ਆਲੇ-ਦੁਆਲੇ, ਹਵਾ, ਪਾਣੀ ਅਤੇ ਮਿੱਟੀ ਨੂੰ ਸਾਫ਼ ਰੱਖਣ ਦਾ ਅਹਿਦ ਕਰੀਏ। ਜੇਕਰ ਅੱਜ ਅਸੀਂ ਅਜਿਹਾ ਨਹੀਂ ਕਰ ਰਹੇ ਤਾਂ ਕੱਲ੍ਹ ਨੂੰ ਬਹੁਤ ਦੇਰ ਹੋ ਜਾਵੇਗੀ। ਸਾਨੂੰ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੇ ਵੀ ਇਸ ਧਰਤੀ 'ਤੇ ਰਹਿਣਾ ਹੈ। ਇਹਨਾਂ ਹਵਾਵਾਂ ਵਿੱਚ ਸਾਹ ਲੈਣਾ ਹੈ। ਆਓ, ਉਹਨਾਂ ਦੀਆਂ ਦੀਵਾਲੀਆਂ ਨੂੰ ਰੰਗੀਨੀਆਂ ਬਖਸ਼ਣ ਲਈ ਇਸ ਦਿਨ ਘੱਟ ਤੋਂ ਘੱਟ, ਜਾਂ ਪਟਾਕੇ ਨਾ ਚਲਾ ਕੇ ਵਾਤਾਵਰਣ ਨੂੰ ਸਾਫ਼-ਸੁਥਰਾ ਰੱਖਣ ਲਈ ਯਤਨਸ਼ੀਲ ਹੋਈਏ।





ਬੰਦੀਛੋੜ ਦਿਵਸ
ਤੇ ਦੀਵਾਲੀ ਦੀਆਂ
ਲੱਖ ਲੱਖ ਵਧਾਈਆਂ

✔Auto ✔Home ✔Business

ਕਾਰ ਅਤੇ ਘਰ ਦੀ ਘੱਟ ਰੇਟਾਂ ਵਾਲੀ ਇੰਸ਼ੋਰੈਂਸ
ਲਈ ਕਾਲ ਕਰੋ: 647.400.2949

upto 35% Discount on Auto & Home Insurance

Aaxel Insurance Brokers Ltd.
Aaxel Financial Services Ltd.



1550 South Gateway Rd,
Suite 220 Mississauga, ON L4W 5G6

Amanpreet S. Batth
R.I.B.O


ਆਪ ਸਭ ਨੂੰ "ਦਿਵਾਲੀ"
ਦੀਆਂ ਲੱਖ ਲੱਖ ਵਧਾਈਆਂ
Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX • HST REBATE • CORPORATION SET UP
•ACCOUNTING • BUSINESS LOAN
CA Chartered Accountants of Canada
cpa CHARTERED PROFESSIONAL ACCOUNTANTS
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193
148-2960 Drew Road, Mississauga ON L4T 0A5
Harcharan S. Grover


ਬੰਦੀਛੋੜ ਦਿਵਸ
ਤੇ ਦੀਵਾਲੀ ਦੀਆਂ
ਲੱਖ ਲੱਖ ਵਧਾਈਆਂ
ਪ੍ਰਾਪਰਟੀ ਖਰੀਦਣ ਜਾਂ ਵੇਚਣ
ਲਈ 31 ਸਾਲਾ ਤਜਰਬੇ ਵਾਲੇ
Tri-City Professional Realty Inc., Brokerage.
Professional Realty Inc. Brokerage,
◆ Free Evaluation of your Property
◆ Special Packages for First Time Buyer
◆ Arrangement of Low Mortgage rate Lawyer
Avtar Tiwana
Dir: 416 802 5866 Sales Rep.
Tel: 905.793.5777 Add: 31 Melanie Dr. Unit #4 Brampton, ON L6T 5H8

SUKHMANI
clinic.com
416-522-7777

ਵੱਲੋਂ ਦਿਵਾਲੀ ਦੀਆਂ
ਲੱਖ ਲੱਖ ਵਧਾਈਆਂ

For instant relief of Cough, Cold, Allergies & Flu:




AR-1




AR-2




AR-1 & AR-2

2945 Sandalwood Pkwy E #11, Brampton, ON L6R 3J6

ਸਾਡੀ ਟੀਮ ਵਲੋਂ
ਸੱਭ ਨੂੰ ਬੰਦੀ ਛੋੜ ਦਿਵਸ ਦੀਆਂ
ਲੱਖ ਲੱਖ ਵਧਾਈਆਂ ਜੀ !

Joga Sandhar
Garry Dhugga
Jasbir Dhesi

FLYING J® EXIT 399

T: 905.428.9700
F: 905.428.9633
E: flyingjexit399@gmail.com







2000 Clements Rd., Pickering, ON L1W 4A1


ਦਿਵਾਲੀ ਦੀਆਂ ਸਮੁੱਚੇ ਭਾਈਚਾਰੇ ਨੂੰ
ਮੁਬਾਰਕਾਂ ਹੋਣ ਰੱਬ ਕਰੇ ਹਰ
ਵਿਹੜਾ ਖੁਸ਼ਹਾਲੀ ਦੇ ਰੰਗ ਵਿਚ
ਰੰਗਿਆ ਜਾਵੇ.
Hardeep Sivia
Sales Representatives
Direct : 647-970-7374
Email:hsivia@royalcanadianrealty.com
www.royalcanadianrealty.com
ROYAL CANADIAN
REALTY, BROKERAGE
Rent to own program available
Off :905-364-0727 Fax: 905-364-0728
2896 Slough Street, Unit # 3 Mississauga, ON L4T 1G3


ਬੰਦੀਛੋੜ ਦਿਵਸ
ਤੇ ਦੀਵਾਲੀ ਦੀਆਂ
ਲੱਖ ਲੱਖ ਵਧਾਈਆਂ
NEED A LAWYER
Real Estate
Residential & Commercial
Sale/Purchase of House
Mortgage & Refinancing
Drafting/Reviewing Agreements
Title Transfer
2nd Mortgage
Family Law
Child & Spousal support
Divorce
MANJEET KAUR
LL.B., (London UK)
Barristers, Solicitors & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਇੰਜ ਹੋਇਆ ਦੀਵਾਲੀ ਵਾਲੀ ਰਾਤ

-ਰਾਜਿੰਦਰ ਕੌਰ-

ਸ਼ਹਿਰਾਂ ਜਾਂ ਪਿੰਡਾਂ ਵਿਚ ਬਿਜਲੀ ਦੇ ਕੱਟ ਆਮ ਹੀ ਲਗਦੇ ਰਹਿੰਦੇ ਹਨ, ਪਰ ਬੇਵਕਤੀ ਅਤੇ ਹੱਦੋਂ ਵੱਧ ਲੰਮੇ ਕੱਟ ਕਾਫ਼ੀ ਪ੍ਰੇਸ਼ਾਨੀ ਦਾ ਸਬੱਬ ਬਣਦੇ ਹਨ। ਕੁਝ ਦਿਨ ਪਹਿਲਾਂ ਅਸੀ ਵੀ ਇਸ ਸੰਕਟ ਵਿਚੋਂ ਲੰਘੇ ਹਾਂ। ਅੱਧੀ ਰਾਤ ਨੂੰ ਜਦੋਂ ਗਰਮੀ ਲੱਗੀ ਤਾਂ ਮੈਂ ਅਪਣੇ ਆਪ ਨੂੰ ਪਸੀਨੇ ਨਾਲ ਗੜੁੱਚ ਪਾਇਆ। ਅੱਧ-ਮੀਟੀਆਂ ਅੱਖਾਂ ਨਾਲ ਏ ਸੀ ਵੱਲ ਵੇਖਿਆ, ਜੋ ਬੰਦ ਸੀ। ਫਿਰ ਟਾਰਚ ਦੀ ਰੌਸ਼ਨੀ ਛੱਤ ਉਤੇ ਲੱਗੇ ਪੱਖੇ ਵੱਲ ਮਾਰੀ ਤੇ ਵੇਖਿਆ ਕਿ ਉਹ ਅਡੋਲ ਖਲੋਤਾ ਸੀ, ਕੋਈ ਹਿਲਜੁਲ ਨਹੀਂ ਸੀ। ਫਿਰ ਮੈਂ ਅਪਣੇ ਪਤੀ ਨੂੰ ਆਵਾਜ਼ ਮਾਰ ਕੇ ਕਿਹਾ, 'ਅੱਧੀ ਰਾਤ ਨੂੰ ਬਿਜਲੀ ਬੰਦ ਹੋ ਗਈ ਹੈ ਅਤੇ ਗਰਮੀ ਤੇ ਹੁੰਮਸ ਨਾਲ ਬੁਰਾ ਹਾਲ ਹੋਇਆ ਪਿਆ ਹੈ।'

ਮੇਰੇ ਪਤੀ, ਜੋ ਆਪ ਵੀ ਗਰਮੀ ਨਾਲ ਬੇਹਾਲ ਹੋਏ ਪਏ ਸਨ, ਬੋਲੇ, 'ਹਾਂ, ਬਿਜਲੀ ਕਈ ਘੰਟਿਆਂ ਤੋਂ ਬੰਦ ਹੈ। ਲੱਗਦਾ ਹੈ ਕਿ ਇਨਵਰਟਰ ਨੂੰ ਵੀ ਗਰਮੀ ਨੇ ਮਾਰ ਦਿਤਾ ਹੈ। ਉਹ ਵੀ ਬੰਦ ਪਿਆ ਹੈ।' ਉਨ੍ਹਾਂ ਕਿਹਾ, 'ਲੈ ਫੜ ਇਹ ਅਖ਼ਬਾਰ, ਪੱਖੀ ਸਮਝ ਕੇ ਝੱਲੀ ਜਾਹ, ਜਿੰਨੀ ਦੇਰ ਬਿਜਲੀ ਨਹੀਂ ਆ ਜਾਂਦੀ।'

ਉਸ ਵੇਲੇ ਮਨ ਵਿਚ ਇਹ ਖ਼ਿਆਲ ਆਇਆ ਕਿ ਕਿੰਨਾ ਚੰਗਾ ਹੁੰਦਾ ਸੀ ਉਹ ਸਮਾਂ, ਜਦੋਂ ਅਸੀ ਸਾਰੇ ਵਿਹੜੇ ਵਿੱਚ ਮੰਜੀਆਂ ਡਾਹ ਕੇ ਸੌਂਦੇ ਹੁੰਦੇ ਸੀ। ਬਿਜਲੀ ਦੇ ਆਉਣ-ਜਾਣ ਦੀ ਚਿੰਤਾ ਨਹੀਂ ਸੀ ਹੁੰਦੀ। ਕੁਦਰਤੀ ਹਵਾ ਵਿੱਚ ਆਰਾਮ ਨਾਲ ਲੇਟਣਾ ਤੇ ਨੀਂਦ ਕਦੋਂ ਆ ਜਾਣੀ, ਪਤਾ ਨਹੀਂ ਸੀ ਲਗਦਾ। ਸਵੇਰੇ ਜਾਗ ਖੁੱਲ੍ਹਦੀ ਸੀ। ਹੁਣ ਜੀਵਨ-ਸ਼ੈਲੀ ਬਦਲ ਗਈ ਹੈ। ਆਦਤਾਂ ਬਦਲ ਗਈਆਂ ਹਨ। ਬਾਹਰ ਸੌਣ ਦਾ ਰਿਵਾਜ ਨਹੀਂ ਰਿਹਾ। ਅਸੀ ਬਿਜਲਈ ਯੰਤਰਾਂ ਉਤੇ ਨਿਰਭਰ ਹੋ ਗਏ ਹਾਂ। ਗਰਮੀਆਂ ਵਿੱਚ ਵੀ ਰਾਤ ਦਿਨ ਕਮਰਿਆਂ ਵਿੱਚ ਵੜੇ ਰਹਿੰਦੇ ਹਾਂ।

ਇੱਕ ਦੀਵਾਲੀ ਦੇ ਮੌਕੇ ਬਿਜਲੀ ਬੰਦ ਹੋਣ ਦੀ ਇਕ ਘਟਨਾ ਮੈਨੂੰ ਵਾਰ-ਵਾਰ ਯਾਦ ਆ ਰਹੀ ਹੈ। ਇਹ ਕਿਸੇ ਲਈ ਆਮ ਜਾਂ ਸਾਧਾਰਨ ਹੋ ਸਕਦੀ ਹੈ, ਪਰ ਮੈਨੂੰ ਅਪਣੇ ਲਈ ਖ਼ਾਸ ਜਾਪਦੀ ਸੀ। ਗੱਲ ਕੋਈ ਤਿੰਨ ਕੁ ਸਾਲ ਪਹਿਲਾਂ ਦੀ ਹੋਵੇਗੀ। ਉਦੋਂ ਗਰਮੀਆਂ ਅੰਤਮ ਪੜਾਅ ਉਤੇ ਸਨ ਅਤੇ ਸਰਦੀਆਂ ਦੀ ਸ਼ੁਰੂਆਤ ਸੀ, ਅਰਥਾਤ ਮੌਸਮ ਸੁਹ-ਾਵਣਾ ਸੀ, ਫਿਰ ਵੀ ਦਿਨ ਵਿੱਚ ਪੱਖੇ ਚੱਲਦੇ ਸਨ। ਤਿਉਹਾਰਾਂ ਦਾ ਮੌਸਮ ਅਰੰਭ ਹੋ ਚੁੱਕਾ ਸੀ। ਉਸ ਸਾਲ ਦੀਵਾਲੀ ਮੌਕੇ ਸਾਡੀ ਬੇਟੀ (ਸੋਨੂ) ਤੇ ਦਾਮਾਦ (ਪੁਨੀਸ਼) ਦੋ ਸਾਲਾਂ ਪਿੱਛੋਂ ਭਾਰਤ ਅਪਣੇ-ਅਪਣੇ ਮਾਂ-ਪਿਉ ਨੂੰ ਮਿਲਣ ਆ ਰਹੇ ਸਨ। ਅਸੀ ਬੱਚਿਆਂ ਦੀ ਆਮਦ ਤੋਂ ਪਹਿਲਾਂ ਹੀ ਘਰ ਨੂੰ ਸਫ਼ੈਦੀਆਂ ਅਤੇ ਰੰਗ-ਰੋਗਨ ਕਰਵਾ ਲਿਆ। ਸਫ਼ੈਦੀਆਂ ਸਮੇਂ ਘਰ ਦੇ ਸਾਮਾਨ ਨੂੰ ਨਿਯਮਤ ਥਾਂ ਤੋਂ ਚੁੱਕਣਾ, ਬਾਹਰ ਕਢਣਾ ਤੇ ਫਿਰ ਸਫ਼ਾਈ ਪਿੱਛੋਂ ਉਨ੍ਹਾਂ ਥਾਵਾਂ ਉਤੇ ਸਥਾਪਤ ਕਰਨਾ ਕਾਫ਼ੀ ਔਖਾ ਕੰਮ ਸੀ, ਪਰ ਅਜਿਹਾ ਕਰਨ ਦਾ ਇਕ ਫ਼ਾਇਦਾ ਇਹ ਹੁੰਦਾ ਹੈ ਕਿ ਹਰ ਕਮਰੇ ਦੀਆਂ ਨੁਕਰਾਂ ਤਕ ਪਏ ਸਾਮਾਨ ਦਾ ਤੁਹਾਨੂੰ ਗਿਆਨ ਹੋ ਜਾਂਦਾ ਹੈ।

ਦੀਵਾਲੀ ਤੋਂ ਇਕ ਹਫ਼ਤਾ ਪਹਿਲਾਂ ਬੱਚੇ ਸਾਡੇ ਕੋਲ ਪਹੁੰਚੇ, ਚਾਰ-ਪੰਜ ਦਿਨ ਰਹੇ ਤੇ ਫਿਰ ਦਿਵਾਲੀ ਮਨਾਉਣ ਲਈ ਪੁਨੀਸ਼ ਦੇ ਪ੍ਰਵਾਰ ਕੋਲ ਹਿਮਾਚਲ ਚਲੇ ਗਏ। ਉਨ੍ਹਾਂ ਨੇ ਅੱਠ-ਦਸ ਦਿਨ ਹਿਮ-ਾਚਲ ਗੁਜ਼ਾਰਨੇ ਸਨ ਅਤੇ ਵਾਪਸੀ ਮੌਕੇ ਪੰਜ-ਛੇ ਦਿਨ ਸਾਡੇ ਕੋਲ ਰਹਿ ਕੇ ਅਮਰੀਕਾ ਪਰਤ ਜਾਣਾ ਸੀ। ਦੀਵਾਲੀ ਦੀ ਰਾਤ ਨੂੰ ਅਸੀਂ ਘਰ ਦੀ ਬਾਹਰਲੀ ਕੰਧ ਦੀ ਮੁੰਡੇਰ ਉਤੇ ਮੋਮਬੱਤੀਆਂ ਜਗਾਈਆਂ। ਬਸ ਇਕ ਰੰਗੀਨ ਬਲਬਾਂ ਦੀ ਲੜੀ ਰੌਸ਼ਨੀ ਲਈ ਜਗਾਉਣੀ ਬਾਕੀ ਸੀ। ਇਹ ਲੜੀ ਘਰ ਦੀ ਸਫ਼ਾਈ ਵੇਲੇ ਸਾਨੂੰ ਇਕ ਡੱਬੇ ਵਿਚੋਂ ਮਿਲੀ ਸੀ, ਜੋ ਬੇਟਾ (ਵਿਕਰਮ) ਗੁਜਰਾਤ ਤੋਂ



ਵਾਪਸੀ ਲਈ ਆਸਟਰੇਲੀਆ ਜਾਂਦਾ ਹੋਇਆ ਬਾਕੀ ਸਾਮਾਨ ਨਾਲ ਸਾਡੇ ਕੋਲ ਛੱਡ ਗਿਆ ਸੀ। ਅਸੀ ਇਹ ਬਲਬਾਂ ਦੀ ਲੜੀ ਘਰ ਦੇ ਮੱਥੇ ਉਤੇ ਟੰਗ ਦਿਤੀ। ਕਮਰੇ ਅੰਦਰ ਜਾ ਕੇ ਜਦੋਂ ਸਵਿੱਚ ਆਨ ਕੀਤਾ ਤਾਂ ਰੰਗ-ਬਰੰਗੇ ਬਲਬਾਂ ਦੀ ਚਮਕ ਦੀ ਬਜਾਏ ਘਰ ਘੁੱਪ ਹਨੇਰੇ ਵਿਚ ਡੁੱਬ ਗਿਆ। ਅਚਾਨਕ ਹੋਏ ਹਨੇਰੇ ਨਾਲ ਅਸੀ ਹੈਰਾਨ ਹੋ ਗਏ। ਲਗਦਾ ਸੀ ਕਿ ਮੀਟਰ ਅੰਦਰੋਂ ਫ਼ਿਊਜ਼ ਉਡ ਗਿਆ ਹੋਵੇ। ਇਨਵਰਟਰ ਵੀ ਬੰਦ ਹੋ ਗਿਆ। ਹੋਰ ਕਮਰਿਆਂ ਦੇ ਸਵਿੱਚ ਆਨ-ਆਫ਼ ਕਰ ਕੇ ਵੇਖੇ, ਪਰ ਕੁਝ ਸਮਝ ਨਹੀਂ ਆਇਆ।

ਅਸੀ ਪਹਿਲਾਂ ਤਾਂ ਇਨਵਰਟਰ ਵਾਲੀ ਦੁਕਾਨ ਵਿੱਚ ਫ਼ੋਨ ਕੀਤਾ ਅਤੇ ਦੱਸਿਆ ਕਿ ਘਰ ਦੀ ਬਿਜਲੀ ਬੰਦ ਹੋ ਗਈ ਹੈ ਤੇ ਇਨਵਰਟਰ ਵੀ ਕੰਮ ਨਹੀਂ ਕਰ ਰਿਹਾ। ਉਹ ਬੋਲਿਆ, 'ਹੁਣ ਤਾਂ ਮੈਂ ਦੁਕਾਨ ਬੰਦ ਕਰ ਕੇ ਅਪਣੇ ਘਰ ਆ ਗਿਆ ਹਾਂ। ਹੁਣ ਮੇਰੇ ਲਈ ਮੁਸ਼ਕਲ ਹੈ।'

ਫਿਰ ਬਿਜਲੀ ਮਹਿਕਮੇ ਦੇ ਕਰਮਚਾਰੀ ਨੂੰ ਫ਼ੋਨ ਕਰ ਕੇ ਸਾਰਾ ਕੁਝ ਦਸਿਆ ਅਤੇ ਨਾਲ ਤਰਲਾ ਕੀਤਾ ਕਿ ਜੇ ਬਿਜਲੀ ਠੀਕ ਨਾ ਹੋਈ ਤਾਂ ਸਾਰੀ ਰਾਤ ਹਨੇਰੇ ਵਿੱਚ ਬੈਠਣਾ ਪਵੇਗਾ। ਥੋੜ੍ਹੀ ਦੇਰ ਪਿੱਛੋਂ ਉਹ ਕਰਮਚਾਰੀ ਆ ਗਿਆ। ਉਸ ਨੇ ਬਿਜਲੀ ਦੇ ਖੰਭੇ ਤੋਂ ਲੈ ਕੇ ਮੀਟਰ ਤਕ ਲਾਈਨ ਦੀ ਜਾਂਚ ਕੀਤੀ ਅਤੇ ਬੋਲਿਆ, 'ਬਿਜਲੀ ਦਾ ਨੁਕਸ ਤੁਹਾਡੇ ਘਰ ਦੀਆਂ ਅੰਦਰਲੀਆਂ ਤਾਰਾਂ ਵਿੱਚ ਹੈ, ਕਿਸੇ ਨਿੱਜੀ ਬਿਜਲੀ ਵਾਲੇ ਨੂੰ ਸੱਦ ਕੇ ਠੀਕ ਕਰਵਾ ਲਵੋ।' ਇਹ ਕਹਿ ਕੇ ਉਹ ਚਲਾ ਗਿਆ।

ਮੋਮਬੱਤੀਆਂ ਅਤੇ ਲਾਈਟਾਂ ਜਗਾ ਰਹੇ ਗੁਆਂਢੀਆਂ ਨਾਲ ਵੀ ਗੱਲ ਹੋਈ, ਪਰ ਮਸਲਾ 'ਜਿਉਂ ਦਾ ਤਿਉਂ' ਹੀ ਬਣਿਆ ਰਿਹਾ। ਅਸੀਂ ਫੇਰ ਅਪਣੇ ਇਲੈਕਟ੍ਰੀਸ਼ੀਅਨ ਹਰਦੀਪ ਸਿੰਘ ਨੂੰ ਟੈਲੀਫ਼ੋਨ ਕੀਤਾ। ਉਹ ਪਹਿਲਾਂ ਵੀ ਬਿਜਲੀ ਦੇ ਕੰਮ ਲਈ ਸਾਡੇ ਘਰ ਕਈ ਵਾਰ ਆਇਆ ਸੀ। ਉਸ ਦਾ ਜਵਾਬ ਸੀ, 'ਪ੍ਰੋ. ਸਾਹਿਬ, ਦੀਵਾਲੀ ਕਰ ਕੇ ਘਰ ਦੇ ਕੰਮ ਵਿਚ ਮਸਰੂਫ਼ ਹਾਂ। ਹੁਣ ਔਜ਼ਾਰ ਧੋ ਕੇ ਰੱਖ ਰਿਹਾ ਹਾਂ ਅਤੇ ਪੂਜਾ ਵਜੋਂ ਅਰਦਾਸ ਕਰਨੀ ਤੇ ਮੱਥਾ ਟੇਕਣਾ ਹੈ। ਬਿਜਲੀ ਦਾ ਕੰਮ ਤਾਂ ਹੁਣ ਪਰਸੋਂ ਹੋਵੇਗਾ।' ਉਸ ਦਾ ਇਹ ਜਵਾਬ ਸੁਣ ਕੇ ਅਸੀਂ ਚੁੱਪ ਹੋ ਗਏ, ਕਿਉਂਕਿ ਕਿਸੇ ਦੀ ਆਸਥਾ ਵਿਚ ਦਖ਼ਲ ਅੰਦਾਜ਼ੀ ਠੀਕ ਨਹੀਂ ਸੀ।

ਮੋਮਬੱਤੀਆਂ ਜਗਾਈਆਂ ਹੋਈਆਂ ਸਨ ਅਤੇ ਬੈਠ ਕੇ ਫੇਰ ਸੋਚਣ ਲੱਗੇ। ਸਾਨੂੰ ਯਾਦ ਆਇਆ ਕਿ ਪੇਂਟਰ ਜਦੋਂ ਸਫ਼ੈਦੀ ਕਰ ਰਿਹਾ ਸੀ ਤਾਂ ਬਲਬਾਂ ਦੀ ਲੜੀ ਨੂੰ ਚੁੱਕਦਿਆਂ ਉਸ ਕੋਲੋਂ ਇੱਕ ਬਲਬ ਟੁੱਟ ਗਿਆ ਸੀ। ਉਸ ਨੇ ਟੁੱਟਿਆ ਹੋਇਆ ਬਲਬ ਤਾਂ ਲੜੀ ਵਿੱਚੋਂ ਬਾਹਰ ਕਢ ਦਿੱਤਾ, ਪਰ ਤਾਰਾਂ ਨੂੰ ਜੋੜ ਕੇ ਗੁੱਛਾ-ਮੁੱਛਾ ਕਰ ਕੇ ਫਿਰ ਡੱਬੇ ਵਿਚ ਰੱਖ ਦਿਤਾ ਸੀ। ਅਸੀਂ ਵੀ ਬੇਧਿਆਨੇ ਲੜੀ ਨੂੰ ਫ਼ਿਟ ਕਰ ਕੇ ਸਵਿੱਚ ਆਨ ਕੀਤਾ ਤਾਂ ਪਟਾਕਾ ਬੋਲ ਪਿਆ।

ਹਨੇਰੇ ਵਿੱਚ ਬੈਠੇ ਗੱਲਾਂ ਕਰਦੇ-ਕਰਦੇ ਮੈਂ ਇਸ ਸੋਚ ਵਿੱਚ ਡੁੱਬ ਜਾਂਦੀ ਕਿ ਅੱਜ ਦੀਵਾਲੀ ਦੀ ਰਾਤ ਹਨੇਰੇ ਵਿੱਚ ਕੱਟਾਂਗੇ। ਕੱਲ੍ਹ ਵਿਸ਼ਵਕਰਮਾ ਦਿਹਾੜਾ ਹੈ, ਕਿਸੇ ਨੇ ਔਜ਼ਾਰ ਨਹੀਂ ਚੁੱਕਣੇ, ਕੰਮ ਨਹੀਂ ਕਰਨਾ, ਬਿਜਲੀ ਪਰਸੋਂ ਹੀ ਠੀਕ ਹੋਵੇਗੀ। ਮੈਂ ਖਿਝ ਕੇ ਅਪਣੀ ਪਤੀ ਨੂੰ ਕਿਹਾ, 'ਤੁਸੀ ਬਸ ਸਾਰੀ ਉਮਰ ਪ੍ਰੋਫ਼ੈਸਰੀ ਕੀਤੀ ਹੈ, ਜੇ ਆਹ ਮਾੜੀ ਮੋਟੀ ਬਿਜਲੀ ਦੇ ਕੰਮ ਦੀ ਵੀ ਜਾਣਕਾਰੀ ਰੱਖਦੇ ਤਾਂ ਐਨੀ ਮੁਸੀਬਤ ਵਿੱਚ ਨਾ ਫਸਦੇ।'

ਉਹ ਅੱਗੋਂ ਥੋੜ੍ਹੇ ਸਬਰ ਨਾਲ, ਪਰ ਹਲਕੇ ਜਿਹੇ ਅੰਦਾਜ਼ ਵਿਚ ਬੋਲੇ, 'ਮੈਡਮ, ਕਹਿਣਾ ਬਹੁਤ ਸੌਖਾ ਹੁੰਦਾ ਹੈ। ਹੁਣ ਵੇਖ ਲਉ ਰੀਟਾਇਰਮੈਂਟ ਤੋਂ ਪਿਛੋਂ ਮੈਂ ਕਿੰਨੇ ਸਾਲਾਂ ਤੋਂ ਤੁਹਾਡੇ ਡਰਾਈਵਰ ਦਾ ਕੰਮ ਕਰ ਰਿਹਾ ਹਾਂ। ਕਦੇ-ਕਦੇ ਮਾਲੀ ਦਾ ਕੰਮ ਵੀ ਕਰਦਾ ਹਾਂ, ਕਦੇ ਚੌਕੀਦਾਰੀ ਵੀ ਕਰਦਾ ਹਾਂ। ਰਸੋਈਆ ਤਾਂ ਮੈਂ ਸਾਰਾ ਦਿਨ ਬਣਿਆ ਰਹਿੰਦਾ ਹਾਂ। ਪਲੰਬਰ ਦਾ ਕੰਮ ਔਖਾ ਹੈ, ਪਰ ਬਿਜਲੀ ਦਾ ਕੰਮ ਬਸ ਤੌਬਾ, ਇਸ ਤੋਂ ਮੈਨੂੰ ਬਹੁਤ ਡਰ ਲਗਦਾ ਹੈ।' ਹਾਸੇ ਵਾਲੀ ਗੱਲ ਤਾਂ ਆਈ ਗਈ ਹੋ ਗਈ, ਫਿਰ ਅਸੀ ਉਸੇ ਫ਼ਿਕਰ ਵਿੱਚ ਡੁੱਬ ਗਏ।

ਕੁਝ ਦੇਰ ਪਿਛੋਂ ਸਾਨੂੰ ਹੈਰਾਨੀ ਵੀ ਹੋਈ ਅਤੇ ਖ਼ੁਸ਼ੀ ਵੀ ਕਿ ਹਰਦੀਪ ਸਿੰਘ ਇਲੈਕਟ੍ਰੀਸ਼ੀਅਨ ਦਾ ਫ਼ੋਨ ਆ ਗਿਆ। ਉਸ ਨੇ ਮੇਰੇ ਪਤੀ ਨੂੰ ਕਿਹਾ ਕਿ ਉਹ ਆ ਰਿਹਾ ਹੈ। ਥੋੜ੍ਹੀ ਦੇਰ ਪਿੱਛੋਂ ਉਹ ਆ ਗਿਆ। ਕਰੀਬ ਇੱਕ ਘੰਟੇ ਦੀ ਮਿਹਨਤ ਪਿੱਛੋਂ ਉਸ ਨੇ ਸਾਡਾ ਇਨਵਰਟਰ ਅਤੇ ਬਿਜਲੀ ਦੋਵੇਂ ਚਾਲੂ ਕਰ ਦਿਤੇ। ਜਾਣ ਤੋਂ ਪਹਿਲਾਂ ਮੈਂ ਉਸ ਲਈ ਪਾਣੀ ਦਾ ਗਲਾਸ ਲੈ ਕੇ ਆਈ। ਉਹ ਬੈਠ ਗਿਆ ਅਤੇ ਪਾਣੀ ਪੀਂਦਿਆਂ ਉਸ ਨੇ ਸਾਨੂੰ ਇਹ ਗੱਲ ਸੁਣਾਈ, 'ਜਦੋਂ ਮੈਂ ਬਿਜਲੀ ਬੰਦ ਹੋਣ ਦੀ ਗੱਲ ਘਰ ਵਾਲੀ ਨਾਲ ਸਾਂਝੀ ਕੀਤੀ ਤਾਂ ਪਹਿਲਾਂ ਉਹ ਚੁਪ ਰਹੀ, ਪਰ ਥੋੜ੍ਹੀ ਦੇਰ ਪਿਛੋਂ ਸੋਚ ਕੇ ਬੋਲੀ ਕਿ ਅੱਜ ਦੀਵਾਲੀ ਹੈ ਅਤੇ ਕੱਲ੍ਹ ਨੂੰ ਵਿਸ਼ਵਕਰਮਾ ਦਿਵਸ, ਇਸ ਤਰ੍ਹਾਂ ਉਹ ਪਰਸੋਂ ਤਕ ਹਨੇਰੇ ਵਿਚ ਬੈਠੇ ਰਹਿਣਗੇ। ਤੁਸੀ ਭਾਵੇਂ ਔਜ਼ਾਰ ਸਾਂਭ ਦਿਤੇ ਹਨ, ਪਰ ਚੰਗਾ ਇਹੀ ਹੋਵੇਗਾ ਕਿ ਹੁਣੇ ਹੀ ਜਾਉ ਤੇ ਬਿਜਲੀ ਠੀਕ ਕਰ ਆਉ। ਔਜ਼ਾਰਾਂ ਨੂੰ ਸਾਫ਼ ਕਰ ਕੇ ਫਿਰ ਪੂਜਾ ਕਰ ਲੈਣਾ, ਇਸ ਨਾਲ ਕੋਈ ਵਿਘਨ ਨਹੀਂ ਪੈਂਦਾ। ਘਰ ਵਾਲੀ ਦੀ ਇਹ ਗੱਲ ਮੇਰੇ ਦਿਲ ਨੂੰ ਵੀ ਟੁੰਬ ਗਈ ਤੇ ਮੈਂ ਤੁਹਾਨੂੰ ਆਉਣ ਲਈ ਫ਼ੋਨ ਕਰ ਦਿਤਾ।'

ਇਹ ਗੱਲ ਸੁਣਾ ਕੇ ਹਰਦੀਪ ਸਿੰਘ ਚਲਾ ਗਿਆ, ਪਰ ਅਸੀਂ ਦੋਵੇਂ ਉਸ ਦੀ ਪਤਨੀ ਦੇ ਵਿਚਾਰਾਂ ਦੇ ਕਾਇਲ ਹੋ ਗਏ। ਆਮ ਤੌਰ ਉੱਤੇ ਘਰ ਦੀਆਂ ਔਰਤਾਂ ਅਪਣੀ ਸਮਾਜਕ ਪਰੰਪਰਾ ਅਤੇ ਧਾਰਮਕ ਅਕੀਦਿਆਂ ਦੀਆਂ ਧਾਰਨੀ ਹੁੰਦੀਆਂ ਹਨ, ਪਰ ਸਾਨੂੰ ਇਹ ਲੱਗਿਆ ਕਿ ਹਰਦੀਪ ਸਿੰਘ ਦੀ ਪਤਨੀ ਨੇ ਲੋੜ ਵੇਲੇ ਕਿਸੇ ਦੀ ਮਦਦ ਕਰਨ ਨੂੰ ਵੀ ਪਹਿਲ ਦਿਤੀ ਹੈ। ਵਿਸ਼ਵਕਰਮਾ ਦਿਵਸ ਨੂੰ ਮਨਾਉਣਾ ਤੇ ਉਸ ਪ੍ਰਤੀ ਸਤਿਕਾਰ ਦੀ ਭਾਵਨਾ ਕਾਇਮ ਰੱਖਣੀ ਤਾਂ ਉਨ੍ਹਾਂ ਦੇ ਵਿਸ਼ਵਾਸ ਦਾ ਹਿੱਸਾ ਹੈ। ਉਨ੍ਹਾਂ ਨੇ ਵਿਸ਼ਵਾਸ ਨੂੰ ਤੋੜਿਆ ਨਹੀਂ, ਪਰ ਮਦਦ ਵੀ ਕਰ ਦਿਤੀ।

ਹਰ ਸਾਲ ਦੀਵਾਲੀ ਦੀ ਆਮਦ ਮੌਕੇ ਹਰਦੀਪ ਸਿੰਘ ਦੀ ਪਤਨੀ ਦਾ ਅਣਵੇਖਿਆ ਚਿਹਰਾ ਕਿਸੇ ਨਾ ਕਿਸੇ ਰੂਪ ਵਿੱਚ ਮੇਰੀਆਂ ਅੱਖਾਂ ਅੱਗੇ ਅਛੋਪਲੇ ਹੀ ਆ ਜਾਂਦਾ ਹੈ, ਜਿਸ ਦੀ ਬਦੌਲਤ ਸਾਡਾ ਘਰ ਰੁਸ਼ਨਾਇਆ ਗਿਆ ਸੀ।




ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ

BEST TRUCK REPAIR & TIRE CENTRE
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
We also Specialize in Engine, AC, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT | BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
30 Truck Parking Also Available!
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# CAN TRUCK

ਕੈਨ ਟਰੱਕ ਵਲੋਂ
ਦਿਵਾਲੀ ਦੀ
ਬਹੁਤ ਬਹੁਤ ਮੁਬੱਰਕਬੱਦ



**CAN TRUCK** ਨੂੰ ਟੋਰਾਂਟੋ ਤੋਂ ਮੋਨਟਰੀਅਲ ਅਤੇ ਟੋਰਾਂਟੋ ਤੋਂ
USA ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ।

Call Jagtar Raman
(647) 292-5757 or (905) 595-0408

Open Seven Days

# BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005







BEST CANADIAN TRUCK & FORKLIFT TRAINING CENTRE

ਵਲੋ "ਦਿਵਾਲੀ" ਤੇ
"ਬੰਦੀ ਛੋੜ ਦਿਵਸ" ਦੀਆਂ
ਲੱਖ-ਲੱਖ ਵਧਾਇਆਂ

## ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ

- AZ Tractor trailer program
- Manual transmission & backup training everyday
- We welcome welfare workers & compensation clients



Forklift Re-Certification Only $69.00/-

416.670.3173 | 905.799.7333
27 Edvac Dr, Brampton, ON L6S 5X8

Karnail Singh

# PREM SWEETS & RESTAURANT

MOUTH WATERING & UNFORGETTABLE TASTE !

ਆਪ ਸਭ ਨੂੰ ਦਿਵਾਲੀ ਦੇ ਸ਼ੁਭ ਮੌਕੇ ਤੇ ਲੱਖ ਲੱਖ ਵਧਾਈ ਹੋਵੇ

FRESH FOOD ALWAYS

DINE IN / TAKE OUT / CATERING




3 Locations to serve you

4550 Ebenezer Rd , #01 Brampton (905) 794-1233
4525 Ebenezer Rd, # 32 Brampton (905) 794-7200
20 Gillingham Drive,# 608 Brampton (905) 455-1233

# DASHMESH

AUTO BODY SHOP & REPAIR






ਦਸ਼ਮੇਸ਼ ਆਟੋ ਬਾਡੀ ਸ਼ਾਪ ਅਤੇ ਰੀਪੇਅਰ

| | | | |
|---|---|---|---|
| Oil Change $19.99 | Catalytic Converter $70.99 | Car Paint $399.00 and up | Strut $109.99 and up |
| Front Brake $59.99 | Rear Brake $60.00 | Rad Flush $59.00 | Injector Flush $70.00 |
| Rust Proof $49.99 | Timing Belt $180.00 | Exhaust System $130.00 and up | A/C Charge $70.00 |

ਅਸੀਂ ਅਮੀਸ਼ਨ ਟੈਸਟ ਕਰਦੇ ਹਾਂ। ਅਸੀਂ ਨਵੇ ਟਾਇਰ ਅਤੇ ਐਕਸੀਡੈਂਟ ਕਾਰਾਂ ਦੇ ਇੰਸ਼ੋਰੈਂਸ ਕਲੇਮ ਤੇ ਪੇਂਟ ਵੀ ਕਰਦੇ ਹਾਂ।

**Beant S. Dhaliwal**

**905 459 1666**

89 Stafford Drive, Brampton, Ontario



Air & Oceanland Inc.

safe. fast. reliable.

PHONE: 905-612-9046 EXT 242
FAX: 905-673-7810
EMAIL : CS6@AIROCEAN.CA






16 CADETTA ROAD BRAMPTON, ONTARIO L6P-0X4

# ਮੀਰੀ ਪੀਰੀ ਦਾ ਪਿਛੋਕੜ ਅਤੇ ਸੰਕਲਪਨਾ

## ਮੀਰੀ ਪੀਰੀ ਦਿਵਸ ’ਤੇ ਵਿਸ਼ੇਸ਼



ਜਦ ਪੰਜਵੇਂ ਸਿੱਖ ਗੁਰੂ ਸ਼੍ਰੀ ਗੁਰੂ ਅਰਜੁਨ ਦੇਵ ਜੀ ਨੂੰ ਉਸ ਸਮੇਂ ਦੀ ਮੁਗ਼ਲ ਹਕੂਮਤ ਵੱਲੋਂ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ ਤਾਂ ਗੁਰੂ ਜੀ ਨੇ ਆਪਣੇ ਅੰਤਲੇ ਵਕਤ ਆਪਣੇ ਸਪੁੱਤਰ ਹਰਿਗੋਬਿੰਦ ਨੂੰ ਸਿੱਖਾਂ ਦੇ ਹੱਥ ਸੁਨੇਹਾ ਭੇਜਦਿਆਂ ਕਿਹਾ ਸੀ ਕਿ ਹੁਣ ਸਿੱਖੀ ਨੂੰ ਬਚਾਉਣ ਅਤੇ ਇਸਦੇ ਵਿਕਾਸ ਲਈ ਧਾਰਮਿਕ ਅਤੇ ਅਧਿਆਤਮਿਕ ਕ੍ਰਿਆ ਦੇ ਨਾਲ ਨਾਲ ਜ਼ੁਲਮ ਦਾ ਜ਼ੁਲਮ ਨਾਂਲ ਟਾਕਰਾ ਕਰਨ ਦਾ ਸਮਾਂ ਆ ਗਿਆ ਹੈ। ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਉਸ ਸਮੇਂ ਗਿਆਰਾਂ ਸਾਲਾਂ ਦੇ ਬਾਲ ਨੌਜ਼ਵਾਨ ਸਨ। ਪਿਤਾ ਸ਼੍ਰੀ ਗੁਰੂ ਅਰਜੁਨ ਦੇਵ ਜੀ ਨੇ ਲਾਹੌਰ ਦੀ ਜ਼ੇਲ੍ਹ ਵਿੱਚੋਂ ਸੁਨੇਹਾ ਭੇਜਦਿਆਂ ਕਿਹਾ, ‘ਪੁੱਤਰ ਹਰਿਗੋਬਿੰਦ ਜ਼ੁਲਮ ਦਾ ਟਾਕਰਾ ਕਰਨ ਲਈ ਜਥਾ ਸ਼ਕਤੀ ਆਪਣੀ ਹਥਿਆਰਬੰਦ ਫੋਜ ਤਿਆਰ ਕਰੋ।‘

ਫਿਰ ਜਦੋਂ 11 ਜੂਨ 1606 ਨੂੰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਛੇਵੇਂ ਸਿੱਖ ਗੁਰੂ ਵਜੋਂ ਗੁਰਗੱਦੀ ਸੰਭਾਲੀ ਤਾਂ ਪਿਤਾ ਦੀ ਸਿੱਖਿਆ ਉਤੇ ਅਮਲ ਕਰਦਿਆਂ ਦੋ ਤਲਵਾਰਾਂ ਮੰਗਵਾਈਆਂ ਅਤੇ ਪਹਿਨੀਆਂ। ਉਸ ਵੇਲੇ ਗੁਰੂ ਜੀ ਨੇ ਕਿਹਾ ਕਿ ਇਨ੍ਹਾਂ ਦੋਹਾਂ ਤਲਵਾਰਾਂ ਵਿੱਚੋਂ ਇੱਕ ਤਲਵਾਰ ਜ਼ਾਲਮ ਦੇ ਜ਼ੁਲਮ ਦਾ ਤਾਕਤ ਨਾਲ ਟਾਕਰਾ ਕਰਨ ਲਈ ਹੈ ਅਤੇ ਦੂਜੀ ਧਰਮ ਅਤੇ ਅਧਿਆਤਮਿਕਤਾ ਦੀ ਸੁਰੱਖਿਆ ਲਈ ਸਵੈ-ਨਿਯੰਤ੍ਰਣ ਨੂੰ ਹਮੇਸ਼ਾਂ ਯਾਦ ਰੱਖਣ ਲਈ ਹੈ। ਭਾਵ ਇੱਕ ਤਲਵਾਰ ਦੁਨਿਆਵੀ ਸ਼ਕਤੀ ਦਾ ਚਿੰਨ੍ਹ ਹੈ ਅਤੇ ਦੂਸਰੀ ਅਧਿਆਤਮਿਕ ਸ਼ਕਤੀ ਦਾ ਚਿੰਨ੍ਹ ਹੈ। ਇਨ੍ਹਾਂ ਦੋਹਾਂ ਤਲਵਾਰਾਂ ਨੂੰ ਮੀਰੀ ਤੇ ਪੀਰੀ ਦਾ ਨਾਂ ਦਿੱਤਾ ਗਿਆ।

‘ਮੀਰੀ’ ਸ਼ਬਦ ਅਰਬੀ ਭਾਸ਼ਾ ਦੇ ਸ਼ਬਦ ‘ਅਮੀਰ’ ਤੋਂ ਫਾਰਸੀ ਵਿੱਚ ਆਏ ਸ਼ਬਦ ‘ਮੀਰ’ ਤੋਂ ਲਿਆ ਗਿਆ ਹੈ। ਅਰਬੀ ਭਾਸ਼ਾ ਵਿੱਚ ਅਮੀਰ ਸ਼ਬਦ ਨੂੰ ਅ-ਮੀਰ (a-MEER) ਕਰਕੇ ਬੋਲਿਆ ਜਾਂਦਾ ਹੈ, ਜਿਸਦਾ ਮਤਲਬ ਹੈ- ਗਵਰਨਰ, ਕਮਾਂਡਰ, ਹਾਕਮ, ਮੁਖੀਆ, ਸਰਦਾਰ ਆਦਿ। ਇਹ ਸ਼ਬਦ ਦੁਨਿਆਵੀ ਤਾਕਤ ਜਾਂ ਪਦਾਰਥਿਕ ਤਾਕਤ ਜਾਂ ਸਿਆਸੀ ਤਾਕਤ ਨੂੰ ਵਿਅਕਤ ਕਰਦਾ ਹੈ। ‘ਪੀਰੀ’ ਸ਼ਬਦ ਧਾਰਮਿਕ ਜਾਂ ਅਧਿਆਤਮਿਕ ਆਗੂਆਂ ਲਈ ਵਰਤਿਆ ਜਾਂਦਾ ਹੈ, ਜਿਵੇਂ ਚਰਚ ਦਾ ਪਾਦਰੀ, ਮਸਜਿਦ ਦਾ ਕਾਜ਼ੀ, ਕਿਸੇ ਮਜ਼ਾਰ ਦਾ ਗੱਦੀਨਸ਼ੀਨ, ਕਿਸੇ ਫਿਰਕੇ ਦਾ ਸੰਤ ਆਦਿ। ਉਂਝ ਵੇਖਿਆ ਜਾਵੇ ਤਾਂ ਇਹ ਸ਼ਬਦ ਵੀ ਇੱਕ ਤਰ੍ਹਾਂ ਨਾਲ ਪਦਾਰਥਿਕ ਜਾਂ ਸਿਆਸੀ ਸ਼ਕਤੀ ਨੂੰ ਹੀ ਵਿਅਕਤ ਕਰਦਾ ਹੈ।

ਪੀਰੀ ਸ਼ਬਦ ਵੀ ਫਾਰਸੀ ਦੇ ਸ਼ਬਦ ‘ਪੀਰ’ ਤੋਂ ਲਿਆ ਗਿਆ ਹੈ, ਜਿਸਦਾ ਮਤਲਬ ਹੈ ਸੰਤ, ਪਵਿੱਤਰ ਵਿਅਕਤੀ, ਅਧਿਆਤਮਿਕ ਆਗੂ ਜਾਂ ਧਾਰਮਿਕ/ਅਧਿਆਤਮਿਕ ਸੰਸਥਾ ਦਾ ਮੁਖੀਆ। ਇੰਝ ਗੁਰੂ ਜੀ ਨੇ ਆਪਣੀਆਂ ਦੋਹਾਂ ਤਲਵਾਰਾਂ ਨੂੰ ਮੀਰੀ ਤੇ ਪੀਰੀ ਦਾ ਨਾਂ ਦਿੱਤਾ। ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਇਸ ਦੂਰ-ਦ੍ਰਿਸ਼ਟਤਾ ਦੇ ਸਨੁਮਾਨ ਵਜੋਂ ਸਿੱਖ ਕੌਮ ਵੱਲੋਂ ਪਿਛਲੇ ਕਈ ਸਾਲਾਂ ਤੋਂ 21 ਜੁਲਾਈ ਦੇ ਦਿਨ ਨੂੰ ‘ਮੀਰੀ-ਪੀਰੀ ਦਿਵਸ’ ਦੇ ਤੌਰ ‘ਤੇ ਮਨਾਇਆ ਜਾ ਰਿਹਾ ਹੈ।

### ਪਿਛੋਕੜ:

ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਜਦੋਂ ਪੰਜਵੇਂ ਸਿੱਖ ਗੁਰੂ ਸ਼੍ਰੀ ਗੁਰੂ ਅਰਜੁਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਸਿੱਖ ਗੁਰੂ ਵਜੋਂ ਗੱਦੀਨਸ਼ੀਨ ਕਰਨ ਦੀ ਰਸਮ ਬਾਬਾ ਬੁੱਢਾ ਜੀ ਵੱਲੋਂ ਨਿਭਾਈ ਜਾ ਰਹੀ ਸੀ ਤਾਂ ਗੁਰੂ ਜੀ ਨੇ ਸੈਲੀ ਪਹਿਨਾਉਣ ਦੀ ਪੁਰਣੀ ਚਲੀ ਆ ਰਹੀ ਰਸਮ ਦੀ ਥਾਂ ਦੋ ਤਲਵਾਰਾਂ ਪਹਿਨਾਉਣ ਲਈ ਕਿਹਾ, ਜਿਨ੍ਹਾਂ ਨੂੰ ਮੀਰੀ ਤੇ ਪੀਰੀ ਦੇ ਚਿੰਨ੍ਹ ਕਿਹਾ ਗਿਆ। ਇਸ ਵਿੱਚ ਗੁਰੂ ਜੀ ਦੀ ਕਮਾਲ ਦੀ ਦੂਰ-ਦ੍ਰਿਸ਼ਟਤਾ ਦਾ ਪ੍ਰਮਾਣ ਮਿਲਦਾ ਹੈ। ਮੀਰੀ ਤੇ ਪੀਰੀ ਦੋ ਸ਼ਕਤੀਆਂ ਹਨ। ਗੁਰੂ ਜੀ ਨੇ ਇਨ੍ਹਾਂ ਦੋਹਾਂ ਸ਼ਕਤੀਆਂ ਨੂੰ ਇੱਕ ਥਾਂ ਰੱਖ ਕੇ ਇਨ੍ਹਾਂ ਵਿੱਚ ਸੰਤੁਲਨ ਬਣਾ ਕੇ ਰੱਖਿਆ। ਜਿਵੇਂ ਇੱਕ ਦਰਿਆ ਦੇ ਪਾਣੀ ਨੂੰ ਆਪਣੀ ਮੰਜਿਲ ਵੱਲ ਅੱਗੇ ਸੰਤੁਲਨ ਨਾਲ ਵਧਣ ਲਈ ਦੋ ਕਿਨਾਰਿਆਂ ਦੀ ਲੋੜ ਹੁੰਦੀ ਹੈ, ਜਿਵੇਂ ਰੇਲ-ਗੱਡੀ ਨੂੰ ਆਪਣੇ ਸਫਰ ਉਤੇ ਸੁਰੱਖਿਆ ਨਾਲ ਆਪਣੇ ਮੁਕਾਮ ਉਤੇ ਪੁੱਜਣ ਲਈ ਦੋ ਪਟੜੀਆਂ ਦੀ ਜ਼ਰੂਰਤ ਹੁੰਦੀ ਹੈ, ਇਸੇ ਤਰ੍ਹਾਂ ਸਿੱਖੀ ਨੂੰ ਆਪਣੀ ਹੋਂਦ ਨੂੰ ਬਚਾਉਣ ਅਤੇ ਆਪਣੇ ਵਿਕਾਸ ਦੀ ਮੰਜਿਲ ਉਤੇ ਸਫਲਤਾ ਨਾਲ ਅੱਗੇ ਵਧਣ ਲਈ ਦੋ ਸ਼ਕਤੀਆਂ ਦੀ ਜ਼ਰੂਰਤ ਸੀ, ਜੋ ਅੱਜ ਵੀ ਹੈ। ਇਨ੍ਹਾਂ ਸ਼ਕਤੀਆਂ ਦੇ ਸੁਮੇਲ ਵਿੱਚ ਸੰਤੁਲਨ ਬਣਾਈ ਰੱਖਣਾ ਵੀ ਅਤਿਅੰਤ ਜ਼ਰੂਰੀ ਹੈ। ਗੁਰੂ ਸਾਹਿਬ ਨੇ ਇਨ੍ਹਾਂ ਸ਼ਕਤੀਆਂ ਦੇ ਸੁਮੇਲ ਵਿੱਚ ਬਾਖੂਬੀ ਸੰਤੁਲਨ ਬਣਾ ਕੇ ਸਿੱਖ ਧਰਮ ਨੂੰ ਇੱਕ ਮਜਬੂਤ ਨੀਂਹ ਬਖਸ਼ਿਸ਼ ਕੀਤੀ। ਇਸ ਨੀਂਹ ਉਤੇ ਅਗਲੇ ਚਾਰ ਗੁਰੂ ਸਾਹਿਬਾਂ ਨੇ ਸਿੱਖੀ ਦਾ ਇੱਕ ਮਜਬੂਤ ਮਹਿਲ ਉਸਾਰਿਆ। ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਇਸ ਦੂਰ-ਦ੍ਰਿਸ਼ਟਤਾ ਬਾਰੈ ਇੱਕ ਅੰਗ੍ਰੇਜ਼ ਲਿਖਾਰੀ ‘ਮੈਕਾਲਿਫ’ ਲਿਖਦਾ ਹੈ:

“It is through thine intercession I obtained birth, and it is in fulfill-ment of my blessing I wear two swords as emblems of spiritual and temporal authority. In the Guru’s house religion and worldly enjoyment shall be combined – the caldron to supply the poor and needy and scim-itar to smite oppressors.”

### ਸੰਕਲਪਨਾ:

ਮੀਰੀ, ਪੀਰੀ ਦੇ ਸ਼ਬਦਾਂ ਵਿੱਚ ਦੇਗ ਤੇ ਤੇਗ ਦੀ ਸੰਕਲਪਨਾ ਹੈ। ਦੇਗ, ਪਹਿਲੇ ਸਿੱਖ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸ਼ੁਰੂ ਕੀਤੀ ਗਈ ਸੀ। ਗੁਰੂ ਨਾਨਕ ਦੇਵ ਜੀ ਜਦ ਸਤਿਸੰਗ ਕਰਿਆ ਕਰਦੇ ਸਨ ਤਾਂ ਸਤਿਸੰਗੀਆਂ ਲਈ ਇੱਕ ਥਾਂ ਭੋਜਨ ਤਿਆਰ ਕਰਕੇ ਉਨ੍ਹਾਂ ਨੂੰ ਬਿਨਾ ਕਿਸੇ ਜਾਤੀ ਭੇਦ-ਭਾਵ ਦੇ ਪੰਗਤ ਵਿੱਚ ਇਕੱਠੇ ਬਿਠਾ ਕੇ ਵਰਤਾਇਆ ਜਾਂਦਾ ਸੀ। ਫਿਰ ਤੀਸਰੇ ਸਿੱਖ ਗੁਰੂ ਸ਼੍ਰੀ ਗੁਰੂ ਅਮਰ ਦਾਸ ਜੀ ਨੇ ਇਸ ਰਸਮ ਨੂੰ ਹੋਰ ਵਿਸ਼ਾਲ ਕਰਕੇ ਲੰਗਰ ਦੀ ਪ੍ਰਥਾ ਬਣਾ ਦਿੱਤਾ ਅਤੇ ਇਹ ਲੰਗਰ ਕੇਵਲ ਸਤਿਸੰਗੀਆਂ ਤੱਕ ਹੀ ਸੀਮਤ ਨਾ ਰਹਿ ਕੇ ਸਮੁੱਚੀ ਸੰਗਤ ਲਈ ਖੋਲ੍ਹ ਦਿੱਤਾ ਗਿਆ, ਜੋ ਕਿ ਅੱਜ ਪੂਰੇ ਵਿਸ਼ਵ ਵਿੱਚ ਜਿੱਥੇ ਕਿਤੇ ਸਿੱਖ ਸੰਗਤ ਹੈ ‘ਗੁਰੂ ਕਾ ਅਤੁਟ ਲੰਗਰ’ ਦੇ ਨਾਂ ਉਤੇ ਚੱਲ ਰਿਹਾ ਹੈ।

ਫਿਰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਸਦੇ ਨਾਲ ਦਮਨਕਾਰੀਆਂ ਤੋਂ ਨਿਰਦੋਸ਼ ਜਨਤਾ ਦੀ ਸੁਰੱਖਿਆ ਲਈ ‘ਤੇਗ’ (ਕਿਰਪਾਨ) ਦੀ ਰਸਮ ਚਲਾਈ। ਉਨ੍ਹਾਂ ਨੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ਼੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ। ਇਸਦੀ ਫਸੀਲ ਉਤੇ ਬੈਠ ਕੇ ਉਹ ਜਨਤਾ ਦੀਆਂ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕਰਿਆ ਕਰਦੇ ਸਨ। ਦਮਨਕਾਰੀਆਂ ਦੇ ਟਾਕਰੇ ਅਤੇ ਖਾਤਮੇ ਲਈ ਉਹ ਇੱਥੋਂ ਹੀ ਲੋਕਾਂ ਕੋਲੋਂ ਨੌਜਵਾਨਾਂ, ਹਥਿਆਰਾਂ ਅਤੇ ਘੋੜਿਆਂ ਦੀ ਮੰਗ ਕਰਿਆ ਕਰਦੇ ਸਨ। ਛੇਤੀ ਹੀ ਉਨ੍ਹਾਂ ਕੋਲ ਤੀਹ ਹਜ਼ਾਰ ਲੜਾਕੂ ਘੋੜਸਵਾਰਾਂ ਦੀ ਫੌਜ ਇਕੱਠੀ ਹੋ ਗਈ। ਗੁਰੂ ਜੀ ਨੇ ਦਮਨਕਾਰੀ ਮੁਗ਼ਲ ਹਾਕਮਾਂ ਵਿਰੁੱਧ ਚਾਰ ਯੰਗਾਂ ਲੜੀਆਂ ਜਿਨ੍ਹਾਂ ਵਿੱਚ ਮੁਗ਼ਲ ਫੌਜਾਂ ਦੇ ਬੁਰੀ ਤਰ੍ਹਾਂ ਦੰਦ ਖੱਟੇ ਹੋਏ। ਇਸ ਲਹਿਰ ਨੂੰ ਦਸਵੇਂ ਸਿੱਖ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਚੀਆਂ ਬੁਲੰਦੀਆਂ ਉਤੇ ਪਹੁੰਚਾਇਆ। ਗਰੀਬ ਮਜ਼ਲੂਮ ਲੋਕਾਂ ਲਈ ਆਪਣਾ ਸਰਬੰਸ ਵਾਰ ਦਿੱਤਾ। ਅਜਿਹੇ ਨਿਡਰ ਖਾਲਸਾ ਪੰਥ ਦੀ ਸਾਜਨਾ ਕੀਤੀ, ਜਿਹੜਾ ਇਕੱਲਾ-ਇਕੱਲਾ ਦੁਸ਼ਮਣ ਦੀ ਸਵਾ-ਸਵਾ ਲੱਖ ਫੋਜ ਨਾਲ ਲੜ ਗਿਆ। ਸ਼ਸਤਰਾਂ ਨੂੰ ਖਾਲਸਾ ਪੰਥ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ। ਅੱਜ ਪੂਰੇ ਵਿਸ਼ਵ ਵਿੱਚ ਜਿੱਥੇ ਜਿੱਥੇ ਵੀ ਸਿੱਖ ਵੱਸਦੇ ਹਨ, ਉਥੇ ਉਹ ਗੁਰਦੁਆਰੇ ਦੀ ਉਸਾਰੀ ਕਰਕੇ ਉਸ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ। ਸ਼੍ਰੀ ਗੁਰੂ ਗ੍ਰੰਥ ਸਹਿਬ ਦੀ ਬੀੜ ਮੂਹਰੇ ਸ਼ਸਤਰਾਂ ਦਾ ਪਕ੍ਰਾਸ਼ ਵੀ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਚਲਾਈ ਗਈ ਮੀਰੀ ਪੀਰੀ ਦੀ ਰਸਮ ਨਿਰੰਤਰ ਚਾਲੂ ਹੈ ਅਤੇ ਇੰਝ ਹੀ ਚਾਲੂ ਰਹੇਗੀ। ਤਾਂ ਹੀ ਤਾਂ ਸ਼੍ਰੀ ਗੁਰੂ ਗੋਬਿੰਦ ਸਾਹਿਬ ਜੀ ਨੇ ਦਸਮ ਗ੍ਰੰਥ ਦੀ ਚੌਬੀਸ ਅਵਤਾਰ ਦੀ ਆਪਣੀ ਰਚਨਾ ਵਿੱਚ ਲਿਖਿਆ ਹੈ:

“ਦੇਗ ਤੇਗ ਜਗ ਮੈ ਦੋਊ ਚਲੈ॥”

### ਮੀਰੀ ਪੀਰੀ ਦੇ ਸੰਸਥਾਨ:

ਜਦ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਛੇਵੇਂ ਸਿੱਖ ਗੁਰੂ ਵਜੋਂ ਗੁਰਗੱਦੀ ਸੰਭਾਲੀ ਤਾਂ ਉਸ ਵੇਲੇ ਉਨ੍ਹਾਂ ਦੇ ਸਾਹਮਣੇ ਦੋ ਹੀ ਬਦਲ ਸਨ ਜਾਂ ਤਾਂ ਤਾਕਤਵਰ ਤੇ ਜ਼ਾਲਮ ਮੁਗ਼ਲਾਂ ਦੇ ਸਾਹਮਣੇ ਗੋਡੇ ਟੇਕ ਕੇ ਉਨ੍ਹਾਂ ਦੀ ਈਨ ਮੰਨ ਲਈ ਜਾਵੇ ਅਤੇ ਜਾਂ ਉਨ੍ਹਾਂ ਅਤਿਆਚਾਰੀਆਂ ਦਾ ਸਿੱਧਾਂ ਮੁਕਾਬਲਾ ਕਰਨ ਲਈ ਹਥਿਆਰਬੰਦ ਹੋ ਕੇ ਮੈਦਾਨੇ ਯੰਗ ਵਿੱਚ ਉਨ੍ਹਾਂ ਨਾਲ ਟੱਕਰ ਲਈ ਜਾਵੇ। ਗੁਰੂ ਜੀ ਨੇ ਦੂਸਰੇ ਬਦਲ ਨੂੰ ਹੀ ਤਰਜੀਹ ਦਿੱਤੀ। ਗੁਰਗੱਦੀ ਉਤੇ ਬੈਠਦਿਆਂ ਜਿਹੜੀ ਪਹਿਲੀ ਗੱਲ ਉਨ੍ਹਾਂ ਕੀਤੀ ਉਹ ਹਥਿਆਰਬੰਦ ਹੋਣ ਦੀ ਸੀ। ਦੂਸਰਾ ਉਸ ਸਮੇਂ ਰਾਜਿਆਂ ਤੋਂ ਬਿਨਾ ਸਿਰ ਉਤੇ ਕੋਈ ਕਲਗੀ ਜਾਂ ਤਾਜ ਨਹੀਂ ਸਜਾ ਸਕਦਾ ਸੀ। ਗੁਰੂ ਸਾਹਿਬ ਨੇ ਰਾਜਿਆਂ ਵਾਂਗ ਕਲਗੀ ਵੀ ਸਜਾਈ। ਤੀਸਰੀ ਗੱਲ ਇਹ ਸੀ ਕਿ ਰਾਜਿਆਂ ਤੋਂ ਬਿਨਾ ਕੋਈ ਆਪਣਾ ਤਖਤ ਕਾਇਮ ਨਹੀਂ ਕਰ ਸਕਦਾ ਸੀ। ਗੁਰੂ ਜੀ ਨੇ ਸ਼੍ਰੀ ਅੰਮ੍ਰਿਤਸਰ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ਼੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਕਰਵਾਈ। ਭਾਵ ਗੁਰੂ ਜੀ ਦੀਆਂ ਇਹ ਤਿੰਨੋ ਕਾਰਵਾਈਆਂ ਉਸ ਸਮੇਂ ਦੀ ਮੁਗ਼ਲ ਹਕੂਮਤ ਨੂੰ ਸਿੱਧੀ ਵੰਗਾਰ ਸੀ।

ਸ਼੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਮੀਰੀ ਪੀਰੀ ਦਾ ਪਹਿਲਾ ਸੰਸਥਾਨ ਹੈ। ਜਦ ਗੁਰੂ ਜੀ ਸ਼੍ਰੀ ਹਰਿਮੰਦਰ ਸਾਹਿਬ ਵਿੱਚ ਜਾਂਦੇ ਸਨ ਤਾਂ ਉਹ ਇੱਕ ਸੰਤ ਹੁੰਦੇ ਸਨ ਅਤੇ ਜਦ ਉਹ ਸ਼੍ਰੀ ਅਕਾਲ ਤਖਤ ਦੀ ਫਸੀਲ ਉਤੇ ਬੈਠਦੇ ਸਨ ਤਾਂ ਉਹ ਇੱਕ ਰਾਜੇ ਵਾਂਗ ਹੁੰਦੇ ਸਨ। ਭਾਵ ਗੁਰੂ ਜੀ ਸੰਤ ਤੇ ਸਿਪਾਹੀ ਦਾ ਇੱਕ ਸੱਚਾ ਸੁਮੇਲ ਸਨ। ਇੰਝ ਮੀਰੀ ਤੇ ਪੀਰੀ ਨਾਲ ਨਾਲ ਚਲਦੀ ਸੀ। ਇਹ ਅਧਿਆਤਮਿਕ ਅਤੇ ਸਿਆਸੀ ਆਜ਼ਾਦੀ ਦਾ ਸੁਮੇਲ ਸੀ। ਇਹ ਦੋਵੇਂ ਗੱਲਾਂ ਗੁਰੂ ਜੀ ਵਿੱਚ ਬਿਰ-ਾਜਮਾਨ ਸਨ। ਉਹ ਇੱਕ ਸੰਪੂਰਨ ਸਖਸ਼ੀਅਤ ਸਨ। ਉਨ੍ਹਾਂ ਦਾ ਮਨੋਰਥ ਧਰਤੀ ਉਤੇ ਰਾਜ ਯੋਗੀਆਂ ਰਾਹੀਂ ਪ੍ਰਭੂ ਦੇ ਰਾਜ ਦੀ ਸਥਾਪਨਾ ਕਰਨੀ ਸੀ। ਤਾਂ ਹੀ ਤਾਂ ਉੱਘਾ ਅੰਗ੍ਰੇਜ਼ ਲਿਖਾਰੀ ਪਲੈਟੋ



ਲੇਖਕ: ਸੰਤੋਖ ਸਿੰਘ ਸੰਧੂ
+64 22 071 0935

ਲਿਖਦਾ ਹੈ:

“Until kings are philosophers, or philoso-phers are kings, cities will never cease from ill. No, nor the human race, nor will our ideal polity over come into being.”

ਮੀਰੀ ਪੀਰੀ ਦਾ ਦੂਸਰਾ ਸੰਸਥਾਨ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਅਸਥਾਨ ਪਿੰਡ ‘ਗੁਰੂ ਕੀ ਵਡਾਲੀ’ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ ਹੈ ਜਿਸ ਦਾ ਨਾਂ ਹੈ ਮੀਰੀ ਪੀਰੀ ਅਕਾਦਮੀ। ਇਸਦੀ ਸਥਾਪਨਾ ਸਿੱਖ ਪੰਥ ਦੇ ਉਘੇ ਪ੍ਰਚਾਰਕ ਭਾਈ ਸਾਹਿਬ ਹਰਭਜਨ ਸਿੰਘ ਖਾਲਸਾ ਯੋਗੀ ਵੱਲੋਂ ਸੰਨ 1997 ਵਿੱਚ ਕੀਤੀ ਗਈ ਸੀ। ਇਸ ਅਕਾਦਮੀ ਵਿੱਚ ਵਿਦਿਆਰਥੀਆਂ ਨੂੰ ਜਿੰਦਗੀ ਦੀਆਂ ਭੌਤਿਕ, ਮਾਨਸਿਕ ਅਤੇ ਅਧਿਆਤਮਿਕ ਵੰਗਾਰਾਂ ਨਾਲ ਨਜਿਠਣ ਲਈ ਤਿਆਰ ਕੀਤਾ ਜਾਂਦਾ ਹੈ। ਇਸ ਅਕਾਦਮੀ ਦੀ ਸਿੱਖਿਆ ਨੂੰ ਕੈਂਬ੍ਰਿਜ ਯੂਨੀਵਰਸਟੀ ਦੇ ਅੰਤ੍ਰਰਾਸ਼ਟਰੀ ਇਮਤਿਹਾਨਾਂ ਵਜੋਂ ਮਾਨਤਾ ਪਰਾਪਿਤ ਹੈ।


## ਗੁਰੂਦੁਆਰਾ ਸਿੱਖ ਸਪਿਰਚੂਅਲ ਸੇਂਟਰ ਰੈਕਸਡੇਲ




ਸਮੂਹ ਸੰਗਤ ਨੂੰ ਬੰਦੀ ਛੋੜ ਦਿਵਸ ਅਤੇ ਦਿਵਾਲੀ ਦੀਆਂ ਲੱਖ ਲੱਖ ਵਧਾਈਆਂ ਹੋਣ। ਦਿਵਾਲੀ ਦੇ ਦਿਨ ਐਤਵਾਰ ਨੂੰ ਕੀਰਤਨ ਅਤੇ ਢਾਡੀ ਦਰਬਾਰ ਸੱਜਣਗੇ । ਸਾਰੀਆਂ ਸੰਗਤਾਂ ਸਮੇਂ ਸਿਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਦਿਵਾਲੀ ਨੂੰ ਸਾਰਾ ਦਿਨ ਦੀਵਾਨ ਸੱਜਣਗੇ**

ਸਾਰਾ ਦਿਨ ਸਵੇਰੇ 4 ਤੋਂ ਰਾਤ 10 ਵਜੇ ਤੱਕ ਦਰਬਾਰ ਸਜਣਗੇ, ਸੰਗਤਾਂ ਨੂੰ ਕੀਰਤਨ, ਕਥਾ ਢਾਡੀ ਦਰਬਾਰ ਨਾਲ ਨਿਹਾਲ ਕੀਤਾ ਜਾਵੇਗਾ ਸ਼੍ਰੀ ਗੁਰੂ ਨਾਨਕ ਦੇਵ ਜੀ 550 ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਰਭਾਤ ਫੇਰੀ ਸਵੇਰੇ 10 ਤੋਂ 7:30 ਹਰ ਸ਼ਨੀਵਾਰ ਅਤੇ ਐਂਤਵਾਰ ਜਿਹੜੀ ਕਿ ਰੈਕਸਡੇਲ ਤੋਂ ਸ਼ੁਰੂ ਹੋ ਕੇ ਵਾਪਿਸ ਰੈਕਸਡੇਲ ਗੁਰੂਘਰ ਹੀ ਸਮਾਪਤੀ ਹੋਵੇਗੀ।

**ਹਰ ਸ਼ੁਕਰਵਾਰ ਸ਼ਾਮ 7 ਤੋਂ 8 ਵਜੇ ਤੱਕ ਨਾਮ ਸਿਮਰਨ ਅਭਿਆਸ ਹੁੰਦਾ ਹੈ।**

**Sikh Spiritual Center (Rexdale Gurughar) 9 Carrier Drive Toronto. Tel 416 746 6666**

# ਅੰਮ੍ਰਿਤਸਰ ਦੀ ਦੀਵਾਲੀ ਦੀ ਵਿਲੱਖਣਤਾ

-ਰੂਪ ਸਿੰਘ-



ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦੇ ਵਰੋਸਾਏ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਦੀ ਆਪਣੀ ਮਹੱਤਤਾ, ਸ਼ਾਨ ਤੇ ਇਤਿਹਾਸਕ ਗੌਰਵ ਹੈ। ਏਸ਼ੀਆ ਮਹਾਂਦੀਪ ਦੇ ਪ੍ਰਮੁੱਖ ਧਾਰਮਿਕ-ਇਤਿਹਾਸਕ ਸ਼ਹਿਰ ਅੰਮ੍ਰਿਤਸਰ ਨੂੰ ਪੰਜਾਬ ਦਾ ਦਿਲ ਤੇ ਗੁਰਸਿੱਖਾਂ ਦੀ ਜਿੰਦ-ਜਾਨ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਅੰਮ੍ਰਿਤਸਰ ਸਿੱਖ ਧਰਮ ਦਾ ਕੇਂਦਰੀ ਸਥਾਨ, ਸਿੱਖ ਵਿਸ਼ਵਾਸਾਂ ਦਾ ਧੁਰਾ ਤੇ ਸਿੱਖ ਪ੍ਰੰਪਰਾਵਾਂ ਤੇ ਸਿੱਖ ਗੌਰਵ ਦੀ ਜੀਉਂਦੀ ਜਾਗਦੀ ਮਿਸਾਲ ਹੈ।

ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਦੀ ਸ਼ੁਰੂਆਤ ਕਰਾਈ ਤੇ ਗੁਰੂ ਅਰਜਨ ਦੇਵ ਜੀ ਨੇ ਇਸ ਸਰੋਵਰ ਨੂੰ ਸੰਪੂਰਨ ਤੇ ਪੱਕਾ ਕਰ ਕੇ ਵਿਚਕਾਰ 'ਹਰਿਮੰਦਰ' ਦਾ ਨਿਰਮਾਣ ਕਰਵਾਇਆ। ਅੰਮ੍ਰਿਤ ਸਰੋਵਰ ਅਤੇ ਹਰਿ-ਮੰਦਰ ਦੀ ਸਿਰਜਣਾ ਦਾ ਉਦੇਸ਼ ਚਹੁੰ ਵਰਨਾਂ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦੇਣਾ ਸੀ। ਹਰਿਮੰਦਰ ਦੀ ਸਿਰਜਣਾ ਅਤੇ ਇਮਾਰਤ ਕਲਾ ਅਲੌਕਿਕ, ਅਨੂਠੀ ਤੇ ਵਿਲੱਖਣ ਹੈ। ਇਸੇ ਲਈ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਇਸ ਦੇ ਅਦੁੱਤੀ ਹੋਣ ਬਾਰੇ ਫੁਰਮਾਨ ਕਰਦੇ ਹਨ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ
(ਪੰਨਾ 1362)

1604 ਨੂੰ ਗੁਰੂ ਅਰਜਨ ਦੇਵ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਤਿਆਰ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਹਰਿ-ਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਥਾਪਿਆ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੇ ਕੇਂਦਰੀ ਅਸਥਾਨ ਦਾ ਨਿਰਮਾਣ ਕਰ ਕੇ ਅਤੇ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਤਿਆਰ ਕਰਕੇ ਸਿੱਖ ਧਰਮ ਨੂੰ ਪੱਕੇ ਪੈਰੀਂ ਕਰ ਦਿੱਤਾ। ਧਰਮ ਪ੍ਰਚਾਰ ਪ੍ਰਸਾਰ ਹਿੱਤ ਗੁਰੂ ਅਰਜਨ ਦੇਵ ਜੀ ਵੱਲੋਂ ਕੀਤੇ ਕਾਰਜਾਂ ਕਰਕੇ ਸਿੱਖ ਧਰਮ ਦਾ ਪ੍ਰਚਾਰ ਤੇ ਪਸਾਰ ਖੇਤਰ ਬਹੁਤ ਵਧ ਗਿਆ। ਸਿੱਖਾਂ ਦੀ ਆਪਣੀ ਹੋਂਦ ਤੇ ਹਸਤੀ ਪ੍ਰਤੱਖ ਦਿਖਾਈ ਦੇਣ ਲੱਗੀ। ਸਰਬ ਸਾਂਝੇ ਧਰਮ ਮੰਦਰ ਦੀ ਉਸਾਰੀ ਤੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਪ੍ਰਕਾਸ਼ ਹੋ ਜਾਣ ਨਾਲ ਬਹੁਤ ਸਾਰੇ ਹਿੰਦੂ, ਮੁਸਲਮਾਨ ਗੁਰੂ ਘਰ ਵੱਲ ਪ੍ਰੇਰਿਤ ਹੋਏ।

ਹਰ ਸਿੱਖ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਕਰਨੇ ਲੋਚਦਾ ਹੈ। ਹਰਿਮੰਦਰ ਸਾਹਿਬ ਕਿਸੇ ਵਿਅਕਤੀ ਵਿਸ਼ੇਸ਼ ਦੀ ਮਹਾਨਤਾ ਨੂੰ ਨਹੀਂ ਪ੍ਰਗਟਾਉਂਦਾ, ਸਗੋਂ ਇਹ ਪਰਮਾਤਮਾ ਦੀ ਏਕਤਾ, ਮਨੁੱਖੀ ਬਰਾਬਰਤਾ, ਸਰਬ-ਸਾਂਝੀਵਾਲਤਾ ਦਾ ਉਪਦੇਸ਼ ਸਮੁੱਚੀ ਮਾਨਵਤਾ ਨੂੰ ਦੇਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਵਿੱਚ ਸਤਿਗੁਰਾਂ ਦੇ ਗੁਰਪੁਰਬ, ਗੁਰਗੱਦੀ ਦਿਵਸ, ਜੋਤੀ ਜੋਤ ਸਮਾਉਣ ਦੇ ਦਿਹਾੜੇ, ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਦਿਵਸ ਤੇ ਗੁਰਗੱਦੀ ਦਿਵਸ ਮਨਾਏ ਜਾਂਦੇ ਹਨ। ਇਨ੍ਹਾਂ ਇਤਿਹਾਸਕ ਗੁਰਪੁਰਬਾਂ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਖਾਲਸੇ ਦਾ ਸਾਜਨਾ ਦਿਵਸ ਵਿਸਾਖੀ ਅਤੇ ਦੀਵਾਲੀ ਦਾ ਦਿਨ 'ਬੰਦੀ ਛੋੜ ਦਿਵਸ' ਦੇ ਰੂਪ ਵਿੱਚ ਪੰਥਕ ਤੌਰ 'ਤੇ ਮਨਾਇਆ ਜਾਂਦਾ ਹੈ।

'ਦੀਪਾਵਲੀ' ਸੰਸਕ੍ਰਿਤ ਮੂਲ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਦੀਵੇ ਜਗਾਉਣੇ, ਚਾਨਣ ਕਰਨਾ। ਇਹ ਚਾਨਣ ਕਿਸੇ ਖਾਸ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ। ਦੂਜੇ ਧਰਮਾਂ ਵਿੱਚ ਦੀਵਾਲੀ ਦੀਪ-ਪੂਜਾ ਤੇ ਲਕਸ਼ਮੀ-ਪੂਜਾ ਦੇ ਰੂਪ ਵਿੱਚ ਮਨਾਈ ਜਾਂਦੀ ਹੈ, ਪਰ ਸਿੱਖ ਇਹ ਦਿਹਾੜਾ ਆਪਣੇ ਗੌਰਵਮਈ ਵਿਰਸੇ ਨੂੰ ਯਾਦ ਕਰਨ ਲਈ ਮਨਾਉਂਦੇ ਹਨ। ਸਿੱਖ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਮ੍ਰਿਤਸਰ ਆਗਮਨ ਦੀ ਖੁਸ਼ੀ ਵਿੱਚ ਦੀਵੇ ਜਗਾਉਂਦੇ ਹਨ, ਰੌਸ਼ਨੀ ਕਰਦੇ ਤੇ ਆਪਣੇ ਸਤਿਗੁਰੂ ਨੂੰ ਸਤਿਕਾਰ ਭੇਟ ਕਰਦੇ ਹਨ। ਸਿੱਖਾਂ ਨੇ ਦੀਵਾਲੀ ਵਾਲੇ ਦਿਨ ਨੂੰ ਬੰਦੀ ਛੋੜ ਦਿਵਸ ਵਜੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਮਨਾਉਣਾ ਸ਼ੁਰੂ ਕਰ ਦਿੱਤਾ ਤੇ ਫਿਰ ਇਹ ਲੋਕ ਉਕਤੀ ਪ੍ਰਚੱਲਿਤ ਹੋ ਗਈ:

'ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ।'

ਇਤਿਹਾਸ ਅਨੁਸਾਰ ਮੁਗਲ ਸਰਕਾਰ ਆਰੰਭ ਤੋਂ ਹੀ ਸਿੱਖ ਪੱਖ ਦੇ ਵਿਰੁੱਧ ਸੀ। ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਸ਼ਕਤੀ ਨਹੀਂ ਸੀ ਭਾਉਂਦੀ। ਇਸੇ ਕਾਰਨ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦੀ ਦੇਣੀ ਪਈ ਸੀ। ਬਾਦਸ਼ਾਹ ਜਹਾਂਗੀਰ ਦਾ ਖਿਆਲ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਿੱਖ ਲਹਿਰ ਮੂਲੋਂ ਦੱਬ ਜਾਵੇਗੀ, ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨ ਕੇ, ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਕੇ ਤੇ ਚੰਗੇ ਘੋੜੇ ਤੇ ਬਸਤਰ ਭੇਟਾ ਹਿੱਤ ਲਿਆਉਣ ਲਈ ਹੁਕਮਨਾਮੇ ਜਾਰੀ ਕਰਕੇ ਸਪੱਸ਼ਟ ਕਰ ਦਿੱਤਾ ਕਿ ਸੱਚ ਦਾ ਚੰਦਰਮਾ ਜ਼ੁਲਮ ਦੀ ਸ਼ਕਤੀ ਨਾਲ ਢੱਕਿਆ ਨਹੀਂ ਗਿਆ, ਸਗੋਂ ਸੱਚ ਦਾ ਪ੍ਰਕਾਸ਼ ਕਰਨ ਲਈ ਹੋਰ ਚਮਕੇਗਾ। ਜਹਾਂਗੀਰ ਕੋਲ ਇਹ ਖਬਰਾਂ ਪਹੁੰਚਣੀਆਂ ਸ਼ੁਰੂ ਹੋਈਆਂ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਕੇ ਹਥਿਆਰਬੰਦ ਸੈਨਾ ਤਿਆਰ ਕਰ ਲਈ ਤੇ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਕਹਾਉਣਾ ਸ਼ੁਰੂ ਕਰ ਦਿੱਤਾ ਹੈ। ਜਹਾਂਗੀਰ ਇਹ ਸਭ ਦੇਖ ਕੇ ਪ੍ਰੇਸ਼ਾਨ ਹੋ ਗਿਆ। ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਤੇ ਗਵਾਲੀਅਰ ਦੇ ਕਿਲ੍ਹੇ ਵਿੱਚ ਬੰਦੀ ਬਣਾ ਲਿਆ, ਜਿਥੇ ਪਹਿਲਾਂ ਹਿੰਦੂ ਰਾਜੇ ਬੰਦੀ ਬਣਾਏ ਹੋਏ ਸਨ। ਗੁਰੂ ਜੀ ਦੀ ਗ੍ਰਿਫਤਾਰੀ ਨਾਲ ਗੁਰੂ ਦੇ ਸਿੱਖਾਂ ਵਿੱਚ ਬੇਚੈਨੀ ਵਧ ਗਈ ਕਿ ਗੁਰੂ ਅਰਜਨ ਦੇਵ ਜੀ ਵਾਂਗ ਕਿਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਵੀ ਸ਼ਹੀਦ ਨਾ ਕਰ ਦਿੱਤਾ ਜਾਵੇ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਅਗਵਾਈ ਵਿੱਚ ਸੰਗਤਾਂ ਮਸ਼ਾਲਾਂ ਜਗਾ ਕੇ ਗੁਰਬਾਣੀ ਪੜ੍ਹਦਿਆਂ ਗੁਰੂ ਜੀ ਦੀ ਰਿਹਾਈ ਲਈ ਸ਼ਾਂਤਮਈ ਪ੍ਰਦਰਸ਼ਨ ਕਰਦੀਆਂ। ਸਿੱਖ ਸੰਗਤਾਂ ਵੱਲੋਂ ਹੋ ਰਹੇ ਸ਼ਾਂਤਮਈ ਪ੍ਰਦਰਸ਼ਨ ਤੇ ਸਾਈ ਮੀਆਂ ਮੀਰ ਵਰਗੇ ਇਨਸਾਫ ਪਸੰਦ ਮੁਸਲਮਾਨਾਂ ਦੇ ਦਖਲ ਨਾਲ ਗੁਰੂ ਸਾਹਿਬ ਦੀ ਰਿਹਾਈ ਸੰਭਵ ਹੋਈ। ਗੁਰੂ ਜੀ ਨੇ ਆਪਣੇ ਨਾਲ ਬੰਦੀ 52 ਰਾਜਿਆਂ ਨੂੰ ਵੀ ਬਾਦਸ਼ਾਹ ਦੀ ਕੈਦ ਤੋਂ ਮੁਕਤ ਕਰਵਾਇਆ, ਜਿਸ ਕਰਕੇ ਗੁਰੂ ਜੀ ਨੂੰ 'ਬੰਦੀ ਛੋੜ' ਕਿਹਾ ਜਾਣ ਲੱਗਾ।

ਰਿਹਾਈ ਪਿੱਛੋਂ ਜਦੋਂ ਗੁਰੂ ਜੀ ਅੰਮ੍ਰਿਤਸਰ ਪਹੁੰਚੇ ਤਾਂ ਗੁਰੂ ਦੇ ਸਿੱਖਾਂ ਨੇ ਘਿਉ ਦੇ ਦੀਵੇ ਜਗਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ। ਉਸ ਦਿਨ ਦੀਵਾਲੀ ਸੀ, ਭਾਵੇਂ ਕਿ ਸਿੱਖਾਂ ਦਾ ਦੀਵਾਲੀ ਦੇ ਪ੍ਰੰਪਰਾਗਤ ਤਿਉਹਾਰ ਨਾਲ ਕੋਈ ਸੰਬੰਧ ਨਹੀਂ, ਪਰ ਉਸ ਦਿਨ ਤੋਂ ਸਿੱਖ ਦੀਵਾਲੀ ਨੂੰ 'ਬੰਦੀ ਛੋੜ' ਦਿਵਸ ਵਜੋਂ ਮਨਾਉਣ ਲੱਗ ਪਏ। ਹਰ ਸਾਲ ਦੀਵਾਲੀ ਦੇ ਸਮੇਂ ਖਾਲਸਾ ਪੰਥ ਇਕੱਤਰ ਹੋ ਕੇ ਪੰਥਕ ਹਿੱਤਾਂ ਲਈ ਵਿਚਾਰਾਂ ਕਰਦਾ ਤੇ ਭਵਿੱਖ ਦੀਆਂ ਯੋਜਨਾਵਾਂ ਬਣਾਉਂਦਾ ਹੈ। ਇਨ੍ਹਾਂ ਇਕੱਤਰਤਾਵਾਂ ਨੂੰ 'ਸਰਬੱਤ ਖਾਲਸਾ' ਦਾ ਨਾਂ ਦਿੱਤਾ ਜਾਂਦਾ ਤੇ ਹੋਏ ਫੈਸਲਿਆਂ ਨੂੰ ਗੁਰਮਤਾ ਕਿਹਾ ਜਾਂਦਾ ਹੈ।

ਦੀਵਾਲੀ ਵਾਲੇ ਦਿਨ ਹਰਿਮੰਦਰ ਸਾਹਿਬ ਦੇ ਕੰਪਲੈਕਸ 'ਤੇ ਮੁਕੰਮਲ ਰੂਪ ਵਿੱਚ ਦੀਪਮਾਲਾ ਕੀਤੀ ਜਾਂਦੀ ਹੈ। ਸ਼ਰਧਾਲੂਆਂ ਵੱਲੋਂ ਸਰੋਵਰ ਦੇ ਕੰਢੇ ਜਗਾਏ ਹੋਏ ਦੀਵੇ ਤੇ ਮੋਮਬੱਤੀਆਂ ਤੇ ਦੀਪਮਾਲਾ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ। ਇਤਿਹਾਸਕ ਪੱਖੋਂ ਦੇਖਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੀਵਿਆਂ ਵਿੱਚ ਤੇਲ ਨਹੀਂ, ਕੌਮਾਂ ਨੂੰ ਰੋਸ਼ਨੀ ਦੇਣ ਲਈ 'ਸ਼ਹੀਦਾਂ ਦੀ ਚਰਬੀ' ਬਲ ਰਹੀ ਹੈ। ਦੀਵਿਆਂ ਦੀ ਰੋਸ਼ਨੀ ਵਿੱਚ ਹਰਿਮੰਦਰ ਸਾਹਿਬ ਵਿੱਚੋਂ ਇਹ ਨਾਦ ਗੂੰਜਦਾ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨਾ ਕੀਜੈ॥ (ਪੰਨਾ 1412)

ਦੀਵਾਲੀ ਵਾਲੇ ਦਿਨ ਸ਼ਾਮ ਨੂੰ ਰਹਰਾਸਿ ਦੇ ਪਾਠ ਆਰੰਭ ਹੋਣ ਤੋਂ ਪਹਿਲਾਂ ਸੰਗਤਾਂ ਆਤਿਸ਼ਬਾਜ਼ੀ ਦਾ ਨਜ਼ਾਰਾ ਦੇਖਣ ਤੇ ਦਰਸ਼ਨੀ ਡਿਓੜੀ ਤੋਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੌਮ ਦੇ ਨਾਂ ਸੰਦੇਸ਼ ਸਰਵਣ ਕਰਨ ਲਈ ਜੁੜ ਬੈਠਦੀਆਂ ਹਨ। ਰਹਰਾਸਿ ਦੇ ਪਾਠ ਪਿੱਛੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਚਾਰ ਕੋਨਿਆਂ ਵਿੱਚੋਂ ਆਤਿਸ਼ਬਾਜ਼ੀ ਚੱਲਦੀ ਹੈ। ਮੱਸਿਆ ਦੀ ਕਾਲੀ ਰਾਤ ਵਿੱਚ ਜਗਦੇ ਦੀਵੇ ਜੀਵਨ ਦਾ ਰਾਹ ਦਿਖਾਉਂਦੇ ਹਨ। ਇਤਿਹਾਸਕ ਘਟਨਾਵਾਂ ਰੂਪਮਾਨ ਕਰਦੇ ਇਹ ਦੀਵੇ, ਸਾਨੂੰ ਪ੍ਰੇਰਨਾ ਤੇ ਉਤਸ਼ਾਹ ਬਖਸ਼ਦੇ ਹਨ।


ਸਤਿਗੁਰੂ ਦੇ ਹੁਕਮ ਵਿੱਚ ਚੱਲ ਕੇ ਹੀ ਗਿਆਨ ਦਾ ਪ੍ਰਕਾਸ਼ ਹੋ ਸਕਦਾ ਹੈ। ਲੋੜ ਹੈ ਮਨੁੱਖ ਦੇ ਮੱਸਿਆ ਰੂਪੀ ਜੀਵਨ ਦੀ ਰਾਤ ਵਿੱਚ ਗਿਆਨ ਰੂਪੀ ਦੀਵਾ ਬਾਲਣ ਦੀ। ਗੁਰੂ ਅਰਜਨ ਦੇਵ ਜੀ ਦੇ ਉਪਦੇਸ਼ ਅਨੁਸਾਰ:

ਦੁਖੁ ਅੰਧੇਰਾ ਘਰ ਤੇ ਮਿਟਿਓ॥
ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ॥

ਆਓ! ਗਿਆਨ ਰੂਪੀ ਦੀਵੇ ਨਾਲ ਆਪਣੇ ਅੰਦਰ ਪਸਰੇ ਕੂੜ ਦੇ ਹਨੇਰੇ ਨੂੰ ਦੂਰ ਕਰੀਏ, ਤਾਂ ਹੀ ਅਸੀਂ ਦੀਵਾਲੀ ਦੇ ਦੀਵਿਆਂ ਤੋਂ ਰੋਸ਼ਨੀ ਲੈ ਕੇ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਸਕਦੇ ਹਾਂ।

ਸਿੱਖ ਸੰਗਤ ਗੁਰਦੁਆਰਾ ਸਾਹਿਬ
32 ਰੀਗਨ ਰੋਡ ਬਰੈਂਪਟਨ
ਸ੍ਰੀ ਗੁਰੂ ਨਾਨਕ ਸਿੱਖ ਸੈਂਟਰ 99 ਗਲਿਡਨ ਰੋਡ, ਬਰੈਂਪਟਨ
ਵੱਲੋਂ ਬੰਦੀਛੋੜ੍ਹ ਦਿਵਸ ਅਤੇ ਦਿਵਾਲੀ
ਦੀਆਂ ਬਹੁਤ ਬਹੁਤ ਵਧਾਈਆਂ
ਸ੍ਰੀ ਗੁਰੂ ਨਾਨਕ ਸਿੱਖ ਸੈਂਟਰ ਵਿਖੇ, ਐਤਵਾਰ 27 ਅਕਤੂਬਰ ਨੂੰ ਸਾਰਾ
ਦਿਨ ਕੀਰਤਨ ਦਰਬਾਰ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ





ਸਿੱਖ ਸੰਗਤ ਗੁਰਦੁਆਰਾ ਸਾਹਿਬ 905-495-1200, ਸ੍ਰੀ ਗੁਰੂ ਨਾਨਕ ਸਿੱਖ ਸੈਂਟਰ 905-457-5757

ਗੁਰੂਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਲਟਨ

ਬੰਦੀਛੋੜ ਦਿਵਸ ਅਤੇ ਦਿਵਾਲੀ ਦੇ ਸ਼ੁਭ
ਮੌਕੇ ਤੇ ਸਾਰਾ ਦਿਨ ਦੀਵਾਨ ਸੱਜਣਗੇ





19 ਅਕਤੂਬਰ ਤੋਂ 29 ਅਕਤੂਬਰ ਤੱਕ

ਰੋਜਾਨਾ ਅੰਮ੍ਰਿਤ ਵੇਲੇ
ਸੁਖਮਨੀ ਸਾਹਿਬ (ਸੰਗਤੀ ਰੂਪ) 3 ਤੋਂ 4:30 ਵਜੇ ਤੱਕ
“ਵਾਹਿਗੁਰੂ” ਸਿਮਰਨ 4:30 ਤੋਂ 5:30 ਵਜੇ ਤੱਕ

ਰੋਜਾਨਾ ਸ਼ਾਮ ਨੂੰ
“ਵਾਹਿਗੁਰੂ” ਸਿਮਰਨ 7:00 ਤੋਂ 8:30 ਵਜੇ ਤੱਕ

ਸਮਾਪਤੀ ਭੋਗ 29 ਅਕਤੂਬਰ ਨੂੰ ਸਵੇਰੇ 5:00 ਵਜੇ ਪੈਣਗੇ

Sri Guru Singh Sabha Malton Canada
7290 Airport Rd, Mississauga ON L4T 2H3
905-671-1662

ਗੁਰੂਦੁਆਰਾ ਜੋਤਿ ਪ੍ਰਕਾਸ਼ ਸਾਹਿਬ
ਵਿਲੀਅਮਜ ਪਾਰਕਸਵੇਅ - ਸਨਪੈਕ ਰੋਡ ਬਰੈਂਪਟਨ



ਦੀਵਾਲੀ ਸਮਾਗਮ

ਬੰਦੀ ਛੋੜ ਦਿਵਸ ਅਤੇ ਦਿਵਾਲੀ ਦੀਆਂ
ਸਭ ਸੰਗਤਾਂ ਨੂੰ ਲੱਖ ਲੱਖ ਮੁਬਾਰਕਾਂ

ਐਤਵਾਰ 27 ਅਕਤੂਬਰ ਨੂੰ ਸਾਰਾ ਦਿਨ ਕੀਰਤਨ
ਦਰਬਾਰ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ

ਹੋਰ ਜਾਣਕਾਰੀ ਲਈ ਗੁਰੂਦੁਆਰਾ ਸਾਹਿਬ ਵਿਖੇ 905-790-1415 ਤੇ ਸੰਪਰਕ ਕਰ ਸਕਦੇ ਹੋ

ਗੁਰੂ ਕਾ ਲੰਗਰ ਅਤੁਟ ਵਰਤੇਗਾ

# New India Sweets & Restaurant

ਆਪ ਸਭ ਨੂੰ ਦਿਵਾਲੀ ਦੇ ਸ਼ੁਭ ਮੌਕੇ
ਤੇ ਲੱਖ ਲੱਖ ਵਧਾਈ ਹੋਵੇ




## SPECIAL SWEETS

| | |
|---|---|
| Khoya Burfi | Gulab Jamun |
| Kalakand | Almond Burfi |
| Kaju Burfi | Milk Cake (Pure) |

DINE IN / TAKE OUT / CATERING

**VEGETARIAN CATERING**
(Min 20 People/6.99 per person)

**NON-VEGETARIAN CATERING**
(Min 20 People/7.50 per person)

**Call Aujla 905.814.1730** ਹਫਤੇ ਦੇ ਸੱਤੇ ਦਿਨ ਖੁੱਲਾ

**1201 Britannia Rd. W. Unit17, Mississauga, ON L5N 1N2**



ਦਿਵਾਲੀ ਦੀ
ਲੱਖ ਲੱਖ ਵਧਾਈ

# MacroGlobal

Immigration Services Ltd.


**Ph: 905 452 0000, 905 452 9999**

180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



**Seema Bhayana**

MEMBER iccrc


Happy Diwali &
Bandi Chhor Divas!
We wish you and your family a joyful celebration!
May the light of diyas illuminate your home and the sweetness of mithai leave countless memories behind!
Doug Ford
MPP - Etobicoke North
Amarjot Sandhu
MPP - Brampton West
Deepak Anand
MPP - Mississauga-Malton
Prabmeet Sarkaria
MPP - Brampton South
Kaleed Rasheed
MPP - Mississauga East-Cooksville

# ਖ਼ੁਸ਼ੀਆਂ ਨਾਲ ਮਹਿਕ ਉੱਠੀ ਫ਼ਿਜ਼ਾ।



## *Air Canada ਵੱਲੋਂ ਤੁਹਾਨੂੰ ਤੇ ਤੁਹਾਡੇ ਪਰਿਵਾਰ ਨੂੰ ਦੀਵਾਲੀ ਦੀਆਂ ਵਧਾਈਆਂ।*

ਪਿੱਛੇ ਘਰ ਬੈਠੇ ਆਪਣਿਆਂ ਨਾਲ ਮੁੜ ਮਿਲ-ਬੈਠਣ ਦਾ ਕੋਈ ਵੀ ਮੌਕਾ ਵਧੀਆ ਲੱਗਦਾ ਹੈ ਅਤੇ Air Canada ਤੁਹਾਡੇ ਸਫ਼ਰ ਨੂੰ ਹੋਰ ਵੀ ਖ਼ਾਸ ਤੇ ਯਾਦਗਾਰੀ ਬਣਾਉਂਦਾ ਹੈ। ਟੋਰੌਂਟੋ ਤੋਂ ਦਿੱਲੀ ਅਤੇ ਮੁੰਬਈ ਜਾਣ ਲਈ ਨੌਨ-ਸਟੌਪ ਉਡਾਣ ਭਰੋ,* ਤੁਸੀਂ ਮਹਿਸੂਸ ਕਰੋਗੇ ਕਿ ਸਫ਼ਰ ਸ਼ੁਰੂ ਤੋਂ ਹੀ ਸੁਹਾਵਣਾ ਹੈ, ਬਿਲਕੁਲ ਘਰ ਵਰਗਾ।

ਤੁਸੀਂ ਸਾਡੀ ਐਵਾਰਡ-ਜੇਤੂ ਸਰਵਿਸ ਅਤੇ ਤਿੰਨ ਦਰਜੇ ਦੀਆਂ ਸੇਵਾਵਾਂ ਦਾ ਆਨੰਦ ਮਾਣੋਗੇ, ਜਿਸ ਵਿੱਚ ਸ਼ਾਮਿਲ ਹਨ Air Canada ਦੀ ਸਿਗਨੇਚਰ ਕਲਾਸ ਲਈ ਅਗਲੀ ਪੀੜ੍ਹੀ ਦੀਆਂ ਸਿੱਧੇ ਲੇਟ ਸਕਣ ਵਾਲੀਆਂ ਸੀਟਾਂ, ਪ੍ਰੀਮੀਅਮ ਇਕੌਨਮੀ ਕਲਾਸ ਲਈ ਪੂਰੀ ਤਰ੍ਹਾਂ ਸਮੱਰਪਿਤ ਕੈਬਿਨ, ਅਤੇ ਇਕੌਨਮੀ ਕਲਾਸ। ਨਾਲ ਹੀ, ਹਿੰਦੀ ਤੇ ਪੰਜਾਬੀ ਬੋਲਣ ਵਾਲੇ ਫ਼ਲਾਈਟ ਅਟੈਂਡੈਂਟ, ਇੰਡੀਅਨ ਖਾਣੇ ਦੀ ਵਧੀਆ ਚੋਣ ਅਤੇ ਚੋਣਵੀਆਂ ਬੌਲੀਵੁੱਡ ਫ਼ਿਲਮਾਂ ਤੇ ਗੀਤ ਸੰਗੀਤ।

ਟਿਕਟਾਂ ਬੁੱਕ ਕਰਨ ਲਈ **aircanada.com** 'ਤੇ ਜਾਓ ਜਾਂ ਆਪਣੇ ਟਰੈਵਲ ਏਜੰਟ ਨਾਲ ਸੰਪਰਕ ਕਰੋ।

WORLD AIRLINE SKYTRAX AWARDS 2019 | **Voted Best Airline in North America**

A STAR ALLIANCE MEMBER | AIR CANADA

* ਟੋਰੌਂਟੋ ਤੋਂ ਮੁੰਬਈ ਜਾਣ ਲਈ ਨੌਨ-ਸਟੌਪ ਉਡਾਣਾਂ 27 ਅਕਤੂਬਰ, 2019 ਤੋਂ ਸ਼ੁਰੂ ਹੋਣਗੀਆਂ।